ੴ ਸਤਿਗੁਰ ਪ੍ਰਸਾਦਿ ॥

"ਜਾ ਕਉ ਹਰਿ ਰੰਗ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥"




## ਵਾਰ ਭਾਈ ਗੁਰਦਾਸ ਜੀ

ਪਿਰਮ ਪਿਆਲਾ ਸਾਧ ਸੰਗ ਸਬਦ ਸੁਰਤਿ ਅਨਹਦ ਲਿਵ ਲਾਈ ॥
ਧਿਆਨੀ ਚੰਦ ਚਕੋਰ ਗਤਿ ਅੰਮ੍ਰਿਤ ਦ੍ਰਿਸਟਿ ਸ੍ਰਿਸਟਿ ਵਰਸਾਈ ॥
ਘਨਹਰ ਚਾਤ੍ਰਿਕ ਮੋਰ ਜਿਉ ਅਨਹਦ ਧੁਨਿ ਸੁਣਿ ਪਾਇਲ ਪਾਈ ॥
ਚਰਣ ਕਵਲ ਮਕਰੰਦ ਰਸਿ ਸੁਖ ਸੰਪੁਟ ਹੋਇ ਭਵਰੁ ਸਮਾਈ ॥
ਸੁਖ ਸਾਗਰ ਵਿਚਿ ਮੀਨ ਹੋਇ ਗੁਰਮੁਖਿ ਚਾਲਿ ਨ ਖੋਜੁ ਖੁਜਾਈ ॥
ਅਪਿਓ ਪੀਅਣੁ ਨਿਝਰ ਝਰਣ ਅਜਰੁ ਜਰਣ ਨ ਅਲਖੁ ਲਖਾਈ ॥
ਵੀਹ ਇਕੀਹ ਉਲੰਘ ਕੈ ਗੁਰਸਿਖ ਗੁਰਮੁਖ ਸੁਖ ਫਲ ਪਾਈ ॥
ਵਾਹਿਗੁਰੂ ਵਡੀ ਵਡਿਆਈ ॥ ੮ ॥

ਫ਼ਰਵਰੀ ੧੯੭੨

www.AKJ.Org

# ਲੇਖ ਸੂਚੀ


| ਲੇਖ | ਲੇਖਕ | ਪੰਨਾ |
|---|---|---|
| ੧. ਗੁਰਬਾਣੀ ਪੜ੍ਹਨ, ਸੁਣਨ, ਗਾਉਣ ਤੇ ਲਿਖਣ ਦਾ ਫਲ ਤੇ ਨਾਮ ਦੀ ਪਾਰਸ ਕਲਾ | ਭਾ: ਸਾਹਿਬ ਭਾ: ਰਣਧੀਰ ਸਿੰਘ ਜੀ | ੨ |
| ੨. ਉਸ ਦੇਸ਼ ਦੀ ਸੈਰ ਕਰਾਉ ਸਾਈਆਂ (ਕਵਿਤਾ) | ਗਿ: ਹਰਬੰਸ ਸਿੰਘ ਜੀ | ੫ |
| ੩. ਗੁਰਸਿੱਖੀ ਅੰਦਰ ਬਿਬੇਕ | ਪ੍ਰਿੰਸੀਪਲ ਮੋਹਰ ਸਿੰਘ ਜੀ | ੬ |
| ੪. ਸ੍ਰੀ ਗੁਰੂ ਗਰੰਥ ਸਾਹਿਬ ਜੀ | ਸ: ਸੇਵਾ ਸਿੰਘ ਸੇਵਕ ਤਰਨਤਾਰਨ | ੧੦ |
| ੫. ਪੂਰਬ ਕਰਮ ਅੰਕੁਰ ਜਬ ਪ੍ਰਗਟੇ | ਪ੍ਰੋ: ਹਰਬੰਸ ਸਿੰਘ ਜੀ | ੧੫ |
| ੬. ਸੰਤ ਰਣਧੀਰ ਸਿੰਘ ਇਕ ਅਧਿਅਨ | ਗਿ: ਜਸਮੇਰ ਸਿੰਘ ਪਾਲ | ੨੦ |
| ੭. ਹੋਲੇ ਮਹਲੇ ਦਾ ਸਮਾਗਮ | | ੨੪ |
| ੮. ਗੁਰੂ ਨਾਨਕ ਆਮਦ ਨਰਾਇਣ ਸਰੂਪ | ਭਾ: ਤਾਰਾ ਸਿੰਘ ਜੀ ਹੈਡਮਾਸਟਰ | ੨੬ |
| ੯. ਸਿੱਖ ਰਾਜ ਸਮੇਂ ਮਿਠਾ ਟਿਵਾਣਾ ਵਿਚ ਯੁੱਧ | ਭਾਈ ਸਾਹਿਬ ਹਰਭਜਨ ਸਿੰਘ ਜੀ ਕੁਰਾਲੀ | ੩੧ |
| ੧੦. ਚਰਨ ਧੂੜੀ | ਕੈਪਟਨ ਬਚਿੱਤਰ ਸਿੰਘ ਚੌਧਰੀ ਪੂਨਾ | ੩੪ |
| ੧੧. ਗੁਰੂ ਦੀ ਲੋੜ | ਹਰਬੰਸ ਸਿੰਘ ਚੰਡੀਗੜ੍ਹ | ੩੬ |
| ੧੨. ਭਗਤ ਭੀਖਨ ਜੀ | ਪ੍ਰੋ: ਗੁਰਮੁਖ ਸਿੰਘ ਜੀ ਕਪੂਰਥਲਾ | ੪੨ |



ਸੇਵਕ ਪ੍ਰਿੰਟਿੰਗ ਪ੍ਰੈਸ, ਬਾਜ਼ਾਰ ਪੁਰਾਣੀ ਕੋਤਵਾਲੀ ਜਲੰਧਰ ਤੋਂ ਛਪਵਾ ਕੇ ਦਲਜੀਤ ਸਿੰਘ ਐਡੀਟਰ ਤੇ ਪਬਲਿਸ਼ਰ ਨੇ ਸਰਬ ਹਿੰਦ ਅਖੰਡ ਕੀਰਤਨੀ ਜਥੇ ਲਈ 305 L, ਮਾਡਲ ਟਾਊਨ ਜਲੰਧਰ ਤੋਂ ਪ੍ਰਕਾਸ਼ਤ ਕੀਤਾ।


www.AKJ.Org

ਐਡੀਟਰ
ਦਲਜੀਤ ਸਿੰਘ

# ਸੂਰਾ

ਸਾਲਾਨਾ ਚੰਦਾ
ਦੇਸ 6 ਰੁਪਏ
ਪ੍ਰਦੇਸ ਸਮੁੰਦਰ 15 ,,

## ਸਰਬ ਹਿੰਦ ਅਖੰਡ ਕੀਰਤਨੀ ਜੱਥੇ ਦਾ ਗੁਰਮਤਿ ਮਾਸਕ ਪੱਤਰ

ਜਿਲਦ ੬] ੧ ਫ਼ਰਵਰੀ ੧੯੭੨ [ਅੰਕ ੧

### ਪ੍ਰਭਾਤੀ ਮਹਲਾ ੫

ਕੁਰਬਾਣੁ ਜਾਈ ਗੁਰ ਪੂਰੇ ਅਪਨੇ ॥
ਜਿਸੁ ਪ੍ਰਸਾਦਿ ਹਰਿ ਹਰਿ ਜਪੁ ਜਪਨੇ ॥ ੧ ॥ ਰਹਾਉ ॥
ਅੰਮ੍ਰਿਤ ਬਾਣੀ ਸੁਣਤ ਨਿਹਾਲ ॥
ਬਿਨਸ ਗਏ ਬਿਖਿਆ ਜੰਜਾਲ ॥ ੧ ॥
ਸਾਚ ਸਬਦ ਸਿਉ ਲਾਗੀ ਪ੍ਰੀਤਿ ॥
ਹਰਿ ਪ੍ਰਭੁ ਅਪੁਨਾ ਆਇਆ ਚੀਤਿ ॥ ੨ ॥
ਨਾਮੁ ਜਪਤ ਹੋਆ ਪਰਗਾਸੁ ॥
ਗੁਰ ਸਬਦੇ ਕੀਨਾ ਰਿਦੈ ਨਿਵਾਸੁ ॥ ੩ ॥
ਗੁਰ ਸਮਰਥ ਸਦਾ ਦਇਆਲ ॥
ਹਰਿ ਜਪਿ ਜਪਿ ਨਾਨਕ ਭਏ ਨਿਹਾਲ ॥ ੪ ॥

www.AKJ.Org

# ਗੁਰਬਾਣੀ ਪੜ੍ਹਨ, ਸੁਣਨ, ਗਾਉਣ ਤੇ ਲਿਖਣ ਦਾ ਫਲ ਤੇ ਨਾਮ ਦੀ ਪਾਰਸ ਕਲਾ

—ਸਚਖੰਡ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ

ਫੇਰ ਗੁਰੂ ਮਹਾਰਾਜ ਦਾ ਹੋਰ ਵਾਕ ਆਉਂਦਾ ਹੈ :-

"ਸੁਣਤੇ ਪੁਨੀਤ ਕਹਿਤੇ ਪਵਿਤੁ
ਲਿਖਤੀ ਕੁਲ ਤਾਰਿਆ ਜੀਉ ॥"

ਹੁਣ ਦਸੋ ! ਇਥੇ ਕੀ ਮਨਤਕ ਚਲੇਗੀ । ਗੁਰਬਾਣੀ ਦੇ ਪੜ੍ਹਨ, ਸੁਣਨ, ਲਿਖਣ ਮਾਤਰ ਨਾਲ ਹੀ ਨਿਸਤਾਰਾ ਹੈ । ਏਥੇ ਕਿੰਤੂ ਕਰਨ ਦੀ ਗੁੰਜਾਇਸ਼ ਹੀ ਨਹੀਂ ਰਹੀ । ਗੁਰਵਾਕ ਦੀ ਪੰਗਤੀ ਵਿਚੋਂ ਤਾਂ ਕੋਈ ਹੋਰ ਦੂਜੇ ਅਰਥ ਕਢੇ ਨਹੀਂ ਜਾ ਸਕਦੇ । ਮਨ ਉਕਤ ਢਕੋਂਸਲੇ ਬਾਜੀਆਂ ਕੋਈ ਭਾਵੇਂ ਕਿਵੇਂ ਕਰਦਾ ਫਿਰੇ । ਬਾਣੀ ਗੁਰੂ ਰੂਪ ਹੈ, ਬਾਣੀ ਅੰਮ੍ਰਿਤ ਰੂਪ ਹੈ । ਅੰਮ੍ਰਿਤ ਬਾਣੀ ਇਉਂ ਹੈ ਕਿ ਇਸ ਦੇ ਪੜ੍ਹਨ ਸੁਣਨ ਮਾਤਰ ਨਾਲ ਹੀ ਪੜ੍ਹਨ ਸੁਣਨ ਹਾਰੇ ਦੇ ਮੁਖ ਅਤੇ ਕੰਨਾਂ ਵਿਖੇ ਅੰਮ੍ਰਿਤ ਪੈਂਦਾ ਹੈ ।

**ਬਾਣੀ ਗੁਰੂ ਰੂਪ ਇਸ ਕਰਕੇ ਹੈ ਕਿ ਜੋ ਕੁਛ ਗੁਰਬਾਣੀ ਕਹਿੰਦੀ ਹੈ, ਉਸ ਨੂੰ ਗੁਰਬਾਣੀ ਦੇ ਸੇਵਨ ਹਾਰਾ ਗੁਰਸਿਖ ਮੰਨੇ ਤਾਂ ਉਸ ਦਾ ਪਰਤੱਖ ਨਿਸਤਾਰਾ ਹੋ ਜਾਂਦਾ ਹੈ,** ਅਰਥਾਤ ਉਸ ਦੇ ਪਰਤੱਖ ਹੋਣ ਵਿਚ ਕੋਈ ਸੰਦੇਹ ਹੀ ਨਹੀਂ ਰਹਿੰਦਾ ।

ਯਥਾ ਗੁਰਵਾਕ :—

"ਬਾਣੀ ਗੁਰੂ ਗੁਰੂ ਹੈ ਬਾਣੀ,
ਵਿਚ ਬਾਣੀ ਅੰਮ੍ਰਿਤੁ ਸਾਰੇ ॥
ਗੁਰਬਾਣੀ ਕਹੈ ਸੇਵਕ ਜਨੁ ਮਾਨੈ,
ਪਰਤਖਿ ਗੁਰੂ ਨਿਸਤਾਰੇ ।"

ਗੁਰਬਾਣੀ ਕੀ ਕਹਿੰਦੀ ਹੈ :—

"ਗੁਰਬਾਣੀ ਸਬਦੁ ਸੁਭਾਖਿਆ,
ਗਾਵਹੁ ਪੜਹੁ ਸੁਣਹੁ ਨਿਤ ਭਾਈ
ਗੁਰ ਪੂਰੈ ਤੂੰ ਰਾਖਿਆ ॥"

"ਗੁਰਬਾਣੀ ਗਾਵਹੁ ਭਾਈ ॥
ਓਹੁ ਸਫਲ ਸਦਾ ਸੁਖਦਾਈ ।"

ਭਾਵ ਗੁਰਬਾਣੀ ਦਾ ਗਾਵਣਾ, ਪੜ੍ਹਨਾ, ਸੁਣਨਾ ਹੀ ਹਰ ਸਮੇਂ ਸੁਖਦਾਈ ਹੈ । ਭਾਵੇਂ ਕਿਸੇ ਵੇਲੇ ਗਾਵਹੁ ਪੜਹੁ, ਸੁਣਹੁ । ਏਥੇ ਹੋਰ ਫਿਲਾਸਫੀ ਛਾਂਟਣ ਦੀ ਲੋੜ ਨਹੀਂ । ਆਪਣੀ ਮੈਲੀ ਮਤ ਬੁਧ ਸੋਚ ਵਿਚਾਰ ਦੀ ਏਥੇ ਕੁਛ ਨਹੀਂ ਵਟੀਦੀ । ਇਹ ਸਭ ਮੈਲੀਆਂ ਚੀਜ਼ਾਂ ਹਨ । ਏਹਨਾਂ ਤਾਂ ਪਾਰਸ ਰੂਪ ਅੰਮ੍ਰਿਤ ਬਾਣੀ ਦੇ ਨਾਲ ਸੁਪਰਸ਼ ਹੋ ਕੇ ਮੈਲਿਉਂ ਨਿਰਮਲ ਹੋਣਾ ਹੈ । ਮੈਲੀਆਂ ਵਸਤਾਂ ਦੇ ਮਾਲਕਾਂ ਦੀ ਕੀ ਤਾਕਤ ਹੈ ਕਿ ਨਿਰਮਲ ਅੰਮ੍ਰਿਤ ਬਾਣੀ ਦੀ ਅਰਥ ਵਿਚਾਰਮਈ ਕੋਈ ਕਾਂਟ ਛਾਂਟ ਕਰ ਸਕਣ ਅਤੇ ਹੀਲ ਹੁੱਜਤ ਅਗੇ ਡਾਹ ਸਕਣ । ਏਹ ਬਪੁੜੀਆਂ ਵਿਚਾਰ ਬੁਧੀਆਂ ਉਰੇ ਹੀ ਰਹਿ ਜਾਂਦੀਆਂ ਹਨ । ਤ੍ਰੈ-ਗੁਣੀ ਅਲਪ-ਮਤੀ ਲੋਕਾਂ ਦੀ, ਤੁਰੀਆਂ ਗੁਣੀ



www.AKJ.Org

ਗੁਰਬਾਣੀ ਤਾਈਂ ਕੀ ਦਸਤਰਸ ਹੋ ਸਕਦੀ ਹੈ ? ਕਖ ਭੀ ਨਹੀਂ।

"ਮਨ ਹਰਿ ਕੀਰਤ ਕਰਿ ਸਦਹੂੰ ॥
ਗਾਵਤ ਸੁਣਤ ਜਪਤ ਉਧਾਰੈ
ਬਰਨ ਅਬਰਨਾ ਸਭਹੂੰ ॥"

ਏਹ ਗੁਰਵਾਕ ਇਸ ਗੱਲ ਨੂੰ ਹੋਰ ਭੀ ਨਿਸਚਤ ਕਰਾਉਂਦਾ ਹੈ ਕਿ ਗੁਰਬਾਣੀ ਦਾ ਗਾਵਣਾ, ਸੁਣਨਾ, ਪੜ੍ਹਨਾ ਹੀ ਪਾਰਸ ਕਲਾ ਪਰਬੀਨ ਹੈ, ਅੰਮ੍ਰਿਤ ਬਾਣੀ ਜੋ ਹੋਈ। ਨਹੀਂ ਤਾਂ ਹੋਰ ਕੱਚੀ ਬਾਣੀ ਦੇ ਗੀਤ ਭਾਵੇਂ ਕਿਤਨੇ ਹੀ ਗਾਈ ਜਾਵੋ, ਪੜ੍ਹੀ ਸੁਣੀ ਜਾਵੋ, ਪਾਰਸ ਕਲਾ ਵਰਤਦੀ ਹੀ ਨਹੀਂ, ਪਾਰਸ ਕਲਾ ਤਾਂ ਕੀ ਵਰਤਣੀ ਸੀ, ਸਗੋਂ ਇਸ ਕੱਚੀ ਬਾਣੀ ਦੇ ਬਕਤਿਆਂ ਅਤੇ ਸਰੋਤਿਆਂ ਨੂੰ ਗੁਰੂ ਸਾਹਿਬ ਕਚ ਪਿਚ ਰਚੇ ਕੱਚੇ ਕਹਿ ਕੇ ਪੁਕਾਰਦੇ ਹਨ। ਯਥਾ ਗੁਰਵਾਕ :—

"ਸਤਿਗੁਰੂ ਬਿਨਾਂ ਹੋਰ ਕਚੀ ਹੈ ਬਾਣੀ ॥
ਬਾਣੀ ਤ ਕਚੀ ਸਤਿਗੁਰੂ ਬਾਝਹੁ
ਹੋਰ ਕੱਚੀ ਹੈ ਬਾਣੀ ॥
ਕਹਦੇ ਕਚੇ ਸੁਣਦੇ ਕਚੇ,
ਕਚੀ ਆਖਿ ਵਖਾਣੀ ॥"

ਕਚੀ ਬਾਣੀ ਨੂੰ ਭਾਵੇਂ ਦਿਨ ਰਾਤ ਸਾਰੀ ਅਵਰਦਾ ਹੀ ਗਾਵੀ ਜਾਵੋ ਅਤੇ ਪੜ੍ਹੀ ਸੁਣੀ ਜਾਵੋ, ਬਸ ਕਚਿਆਣ ਵਰਤੇਗੀ। ਇਸ ਦੇ ਪੜ੍ਹਨ, ਸੁਣਨ, ਗਾਉਣ ਹਾਰਿਆਂ ਵਿਚ ਕਚਿਆਣਤਾ ਹੀ ਵਰਤੀ ਰਹੇਗੀ। ਏਹ ਕਚ ਗੁਰਬਾਣੀ ਕਚਿਆਂ ਮਾਇਆ ਰਚਿਆਂ ਅਲਪ ਮਾਣੂਆਂ ਦੀ ਰਚੀ ਹੋਈ ਜੋ ਹੋਈ। ਏਸੇ ਕਚਿਆਣ ਕੁ-ਕਲਾ ਦੇ ਕਾਰਨ ਤਾਂ ਗੁਰਬਾਣੀਆਂ ਦਾ ਗਾਵਣਾ ਹਰਿ ਕੀਰਤਨ ਤੁਲ ਨਹੀਂ ਹੋ ਸਕਦਾ, ਭਾਵੇਂ ਕੋਟ ਕਲਾ ਸੰਗੀਤ ਵਿਦਯਾ ਦੇ ਗਵੱਯੇ ਇਸ ਕੁਬਾਣੀ ਕਚੀ ਬਾਣੀ ਨੂੰ ਸਿਰ ਖਪਾ ਖਪਾ ਕੇ ਗਾਵਨ ਗਾਇਨ ਵਿਦਯਾ ਹਰਿ ਜਸ ਗੁਰਬਾਣੀ ਦੇ ਕੀਰਤਨ ਰਹਸ ਤੇ ਸੁੰਨੀ ਅਤੇ ਊਰੀ ਸੰਗੀਤ ਵਿਦਯਾ ਹਰਗਿਜ਼ ਕਲਿਆਣਕਾਰੀ ਨਹੀਂ ਹੋ ਸਕਦੀ ਕਿਉਂਕਿ ਉਹ ਗੁਰਬਾਣੀ ਦੇ ਕਲਾ ਕੀਰਤਨੀ ਅੰਮ੍ਰਿਤ ਰਹਸ ਤੋਂ ਖਾਲੀ ਹੈ, ਗੰਧਰਬਾਂ ਦੀਆਂ ਨਾਨਾਪ੍ਰਕਾਰੀ ਤਾਨਾਰੀਰੀਆਂ ਕਿਸੇ ਕੰਮ ਭੀ ਨਹੀ ਆਉਂਦੀਆਂ ਅਤੇ ਕਿਸੇ ਲੇਖੇ ਭੀ ਨਹੀਂ ਪੈਂਦੀਆਂ ਸਵਾਏ ਇਸ ਦੇ ਕਿ ਇਸ ਦੀ ਕੁਚੇਸ਼ਟਾ ਇਸ ਦੇ ਚੇਟਕੀਆਂ ਨੂੰ ਕੁਟਲ ਕੁਚੀਲਤਾ ਦੇ ਅੰਧ ਕੂਪ ਵਿਖੇ ਲਿਜਾ ਗਿਰਾ ਦੇਵੇ।

ਸਾਇੰਸ ਵਿਦਯਾ ਦੀ ਚੁੰਧਿਆਈ ਹੋਈ ਅਕਲ ਦੇ ਚੌੜ ਚਾਨਣੀ ਸਿਆਣੇ ਅੰਮ੍ਰਿਤ ਬਾਣੀ ਦੇ ਆਕਖੰਣੀ ਅਸਰ ਤੋਂ ਤਾਂ ਉਕੇ ਹੀ ਮੁਨਕਰ ਹਨ, ਪਰੰਤੂ ਰਚਨਹਾਰ ਤੇ ਰਚਤ ਪਦਾਰਥਾਂ ਦੀ ਮਾਇਕ ਸ਼ਕਤੀ ਦੇ ਮਿਕਨਾਤੀਸੀ ਅਸਰ ਦੇ ਬੜੇ ਕਾਇਲ ਹਨ। ਜੈਸੇ ਕਿ ਅਸਾਡੇ ਆਮ ਜਨਤਾ ਅਪਣਾਏ ਜਰਨਲਿਸ਼ਟ ਜੀ ਆਪਣੇ ਲੇਖ ਵਿਖੇ ਇਸ ਬਿਧ ਇਲਾਨੀਆਂ ਲਿਖਦੇ ਹਨ :—

"ਇਸ ਜਹਾਨ ਵਿਚ ਬੇਅੰਤ ਤਾਕਤਾਂ ਹਨ, ਜੋ ਸਾਡੇ ਉਤੇ ਅਸਰ ਕਰ ਰਹੀਆਂ ਹਨ। ਜ਼ਮੀਨ, ਖਾਣਾ, ਪੀਣਾ, ਹਵਾ, ਚੰਦ, ਸੂਰਜ, ਤਾਰੇ, ਰੁਤ, ਬੇਅੰਤ ਜਾਨਵਰ, ਬੇਅੰਤ ਆਦਮੀ ਤੇ ਹੋਰ ਹਰ ਤਰ੍ਹਾਂ ਦੀ ਪੈਦਾਇਸ਼ ਸਭ ਸਾਡੇ ਖਿਆਲਾਂ ਉਤੇ ਅਸਰ ਕਰਦੀ ਹੈ, ਪਰ ਗੁਰਬਾਣੀ ਅਸਰ ਨਹੀਂ ਕਰਦੀ।"

ਇਹ ਗੁਰਬਾਣੀ ਅਕਸੀਰ ਅਸਰ ਮਾਯਾ ਨਾਲ ਮਨੂਰ ਹੋਈਆਂ ਬਿਰਤੀਆਂ ਤੇ ਬੁਧੀਆਂ ਨੂੰ ਪੋਂਹਦਾ ਜੋ ਨਹੀਂ। ਨੀਚੇ ਦਰਜੇ ਦੇ ਕਚ-ਪਿਚੀ ਪਦਾਰਥਾਂ ਦੇ ਅਸਰ ਝਟ ਪਟ ਹੋ ਜਾਂਦੇ ਹਨ। ਤ੍ਰੈਗੁਣੀ ਪਦਾਰਥਾਂ ਦੇ ਅਸਰ ਨੂੰ ਤ੍ਰੈਗੁਣੀ ਰਚਨਾ ਦੇ ਘਾੜਤ ਬੁਧੀ ਇਕ ਦਮ ਕਬੂਲ ਕਰ ਲੈਂਦੀ ਹੈ। ਇਸ ਕਰਕੇ ਉਕਤ ਪਦਾਰਥਾਂ ਵਲ ਉਹ ਹੋਰ ਹੋਰ ਖਿਚੀਂਦੀ ਤੁਰੀ ਜਾਂਦੀ ਹੈ। ਪਰਬਲ



www.AKJ.Org

ਰੁਚੀ ਹੋਣ ਕਰਕੇ ਬਾਰੰਬਾਰ ਉਹ ਉਨ੍ਹਾਂ ਪਦਾਰਥਾਂ ਨੂੰ ਪਰਸਨ ਲਈ ਹਥ ਪਸਾਰਦੀ ਹੈ। ਪਰਸਨ ਦੀ ਦੇਰ ਹੈ ਕਿ ਤਾਬੜ ਤੋੜ ਅਸਰ ਹੋ ਜਾਂਦਾ ਹੈ, ਭਾਵੇਂ ਭੈੜਾ ਅਸਰ ਹੀ ਹੋਵੇ। ਪਰ ਹਨੇਰ ਤਾਂ ਇਹ ਹੈ ਕਿ ਬੁਰਾ ਅਸਰ ਹੁੰਦੇ ਹੋਇਆਂ ਹੀ ਉਹਨਾਂ ਪਦਾਰਥਾਂ ਵਲ ਜਾਣ ਬੁਝ ਕੇ ਦੌੜੀਦਾ ਹੈ। ਤੁਰੀਆ ਗੁਣੀ ਸਤਿ ਪਦਾਰਥ ਅੰਮ੍ਰਿਤ ਬਾਣੀ ਵਲ ਮਾਇਆ ਮਲ ਭਖਧਾਰੀਆਂ ਦੀ ਰੁਚੀ ਹੀ ਨਹੀਂ ਜਾਂਦੀ। ਉਹ ਇਸ ਅਲੌਕਕ ਅਤੇ ਅਮੋਲਕ ਪਦਾਰਥ ਨੂੰ ਪਰਸੰਦੇ ਨਹੀਂ, ਫੇਰ ਪਾਰਸ ਕਲਾ ਦਾ ਆਕਰਖਣੀ ਅਸਰ ਕਿਵੇਂ ਹੋਵੇ :—

"ਲੋਹਾ ਹਿਰਨ ਕੰਚਨ ਹੋਇ ਕੈਸੇ
ਜਉ ਪਾਰਸੇ ਨ ਪਰਸੈ ।"
"ਲੋਹਾ ਹਿਰਨ ਹੋਵੈ ਸੰਗਿ ਪਾਰਸ
ਗੁਨੁ ਪਾਰਸ ਕੋ ਹੋਇ ਆਵੈਗੋ।"

ਪਾਰਸ ਰਸਾਇਣੀ ਅਕਸੀਰ ਅੰਮ੍ਰਿਤ ਬਾਣੀ ਦਾ ਇਸ ਵਿਚ ਕੋਈ ਕਸੂਰ ਨਹੀਂ। ਇਸ ਦਾ ਅਕਰਖਣੀ ਅਸਰ ਹੈ, ਪਰ ਇਸ ਨੂੰ ਕਬੂਲ ਕਰਨ ਵਾਲੀਆਂ ਰੁਚੀਆਂ ਹੀ ਨਹੀਂ ਹਨ। ਰੁਚੀਆਂ ਨੇ ਅਸਰ ਪਜ਼ੀਰ ਤਾਂ ਕੀ ਹੋਣਾ ਸੀ, ਉਹਨਾਂ ਨੂੰ ਤਾਂ ਇਸ ਅਕਸੀਰ ਦੇ ਭੰਡਣ ਦੀ ਰੁਚੀ ਪਰਬਲ ਹੋ ਕੇ ਚਿੰਮੜੀ ਹੋਈ ਹੈ। ਤਾਂ ਹੀ ਉਹ ਦੁਹਾਈਆਂ ਦੇ ਦੇ ਕੇ ਲੋਗਾਂ ਨੂੰ ਵਰਗਲਾ ਭੁਚਲਾ ਰਹੇ ਹਨ ਕਿ 'ਵਾਹਿਗੁਰੂ ਵਾਹਿਗੁਰੂ' ਕਹਿਣ ਵਿਚ ਕੀ ਵਾਧਾ ਹੈ ਜੇ ਪੱਥਰ ਪੱਥਰ ਕਹਿ ਲਓ, ਇਕ ਸਾਰ ਹੀ ਹੈ। ਉਹਨਾਂ ਨੂੰ ਅੰਮ੍ਰਿਤ ਬਾਣੀ ਦੀ ਸਾਰ ਹੀ ਕੀ? ਸਾਰ ਤਿਨ੍ਹਾਂ ਨੂੰ ਹੈ, ਜਿਨ੍ਹਾਂ ਅੰਮ੍ਰਿਤ ਬਾਣੀ ਅੰਮ੍ਰਿਤ ਨਾਮ ਨੂੰ ਪ੍ਰੇਮ ਭੁੰਚਕੇ ਸਚਾ ਅੰਮ੍ਰਿਤ ਰਸ ਚਖਿਆ ਹੈ।

ਗੁਰਮਤਿ ਮਨਿ ਅੰਮ੍ਰਿਤੁ ਵੁਠੜਾ ਮੇਰੀ
ਜਿੰਦੁੜੀਏ ਮੁਖਿ ਅੰਮ੍ਰਿਤ ਬੈਣ ਅਲਾਏ ਰਾਮ॥
ਅੰਮ੍ਰਿਤ ਬਾਣੀ ਭਗਤ ਜਨਾ ਕੀ ਮੇਰੀ ਜਿੰਦੁੜੀਏ
ਮਨਿ ਸੁਣੀਐ ਹਰਿ ਲਿਵ ਲਾਏ ਰਾਮ।"
"ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ
ਅੰਮ੍ਰਿਤੁ ਗੁਰਮਤਿ ਪਾਏ ਰਾਮ॥
ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ
ਹਰਿ ਅੰਮ੍ਰਿਤ ਬਿਖੁ ਲਹਿ ਜਾਏ ਰਾਮ॥
ਮਨੁ ਸੁਕਾ ਹਰਿਆ ਹੋਇਆ ਮੇਰੀ ਜਿੰਦੁੜੀਏ
ਹਰਿ ਹਰਿ ਨਾਮੁ ਧਿਆਏ ਰਾਮ॥"
(ਰਾਗ ਬਿਹਾਗੜਾ ਮ: ੪: ਛੰਤ)

ਦੇਖੀ ਪਾਰਸ ਕਲਾ ਗੁਰਮਤਿ ਨਾਮ ਦੀ ਅਤੇ ਅੰਮ੍ਰਿਤ ਬਾਣੀ ਦੀ! ਕੀ ਕੁਛ ਕਉਤਕ ਵਰਤਿਆ!! ਇਸ ਪਾਰਸ ਰੂਪੀ ਅੰਮ੍ਰਿਤ ਬਾਣੀ ਨੂੰ ਗੁਮਰੁਠ ਅਗਿ-ਆਨੀ ਕਹਿੰਦੇ ਹਨ, ਕੀ ਬਾਰ ਬਾਰ ਜਪਣਾ ਹੈ ਅਤੇ ਮੁੜ ਮੁੜ ਪੜ੍ਹਨਾ ਹੈ ਇਸ ਕਲਾ ਕਉਤਕੀ ਅਕਸੀਰ ਤਾਸੀਰ ਵਾਲੇ ਅੰਮ੍ਰਿਤ ਨਾਮ ਨੂੰ। ਏਹ ਅਣਜਾਣ ਆਖਦੇ ਹਨ ਕਿ ਕੀ ਬਕਰੀ ਵਾਂਗੂੰ ਮੂੰਹ ਮਾਰਨਾ ਹੈ, ਪਰ ਗੁਰੂ ਸਾਹਿਬ ਦਾ ਪਵਿੱਤਰ ਹੁਕਮ ਇਹ ਹੈ। ਗੁਰਵਾਕ :-

"ਉਚਰਹੁ ਰਾਮ ਨਾਮੁ ਲਖ ਬਾਰੀ॥
ਅੰਮ੍ਰਿਤ ਰਸੁ ਪੀਵਹੁ ਪ੍ਰਭ ਪਿਆਰੀ।"

ਤਥਾ :—"ਕਰਿ ਕਿਰਪਾ ਮੇਰੇ ਪ੍ਰੀਤਮ ਸੁਆਮੀ
ਨੇਤ੍ਰ ਦੇਖਹਿ ਦਰਸ ਤੇਰਾ ਰਾਮ।
ਲਖ ਜਿਹਵਾ ਦੇਹੁ ਮੇਰੇ ਪਿਆਰੇ
ਮੁਖੁ ਹਰਿ ਆਰਾਧੇ ਮੇਰਾ ਰਾਮ॥"
......"ਕੋਟਿ ਕਰਨ ਦੀਜਹਿ ਪ੍ਰਭਿ ਪ੍ਰੀਤਮ
ਹਰਿ ਗੁਣ ਸੁਣੀਅਹਿ ਅਬਿਨਾਸੀ ਰਾਮ॥
ਸੁਣਿ ਸੁਣਿ ਇਹੁ ਮਨੁ ਨਿਰਮਲੁ ਹੋਵੈ
ਕਟੀਐ ਕਾਲ ਕੀ ਫਾਸੀ ਰਾਮ॥
ਕਟੀਐ ਜਮ ਫਾਸੀ ਸਿਮਰਿ ਅਬਿਨਾਸੀ
ਸਗਲ ਮੰਗਲ ਸੁਗਿਆਨਾ॥
ਹਰਿ ਹਰਿ ਜਪੁ ਜਪੀਐ ਦਿਨ ਰਾਤੀ


www.AKJ.Org

ਲਾਗੈ ਸਹਿਜ ਧਿਆਨਾ ॥
ਕਲ ਮਲ ਦੁਖ ਜਾਰੇ ਪ੍ਰਭੁ ਚਿਤਾਰੇ
ਮਨ ਕੀ ਦੁਰਮਤਿ ਨਾਸੀ ॥
ਕਹੁ ਨਾਨਕ ਪ੍ਰਭ ਕਿਰਪਾ ਕੀਜੈ
ਹਰਿਗੁਣ ਸੁਣੀਅਹਿ ਅਵਿਨਾਸੀ ॥"

(ਸੂਹੀ ਮ: ੫)

ਵਾਹ ਕਿਆ ਅਮੋਘ ਬਚਨ ਰੂਪੀ ਬਾਣ ਸਿਰੀ ਸਤਿਗੁਰੂ ਜੀ ਨੇ ਵਾਹੇ ਹਨ । ਲਖ ਲਖ ਵਾਰ ਲਗਾਤਾਰ ਇਕੋ ਇਕ ਸਾਹ ਇਕ ਤਾਰ ਨਾਮ ਜਪਣ ਦਾ, ਨਾਮ ਜਪੀ ਜਾਣ, ਦਿਨਸ ਰਾਤ, ਸਾਸਿ ਗਿਰਾਸਿ ਜਪੀ ਜਾਣ ਦਾ ਸਿਰੀ ਸਤਿਗੁਰੂ ਸਾਹਿਬ ਦਾ ਬੜਾ ਕਰੜਾ ਅਤੇ ਤਾਕੀਦ ਹੁਕਮ ਹੈ । ਅਜਿਹੇ ਹੁਕਮਾਂ ਰੂਪੀ ਗੁਰ-ਵਾਕਾਂ ਨਾਲ ਸਿਰੀ ਸਤਿਗੁਰੂ ਸਾਹਿਬ ਦੀ ਸਮਗਰ ਬਾਣੀ ਭਰੀ ਪਈ ਹੈ । ਉਦਾਹਰਣ ਵਜੋਂ ਕੁਛ ਗੁਰਵਾਕ ਹੇਠਾਂ ਦਿਤੇ ਜਾਂਦੇ ਹਨ ।

"ਸਾਹਿ ਸਾਹਿ ਤੁਝੁ ਸੰਮਲਾ
ਕਦੇ ਨ ਵਿਸਾਰੇਉ ॥
ਜਿਉ ਜਿਉ ਸਾਹਿਬੁ ਮਨਿ ਵਸੈ
ਗੁਰਮੁਖਿ ਅੰਮ੍ਰਿਤੁ ਪੇਉ ॥"

---

## ਉਸੇ ਦੇਸ਼ ਦੀ ਸੈਰ ਕਰਾਉ ਸਾਈਆਂ

(ਗਿਆਨੀ ਹਰਬੰਸ ਸਿੰਘ ਜੀ)

ਕਿਸੇ ਕੰਮ ਨੂੰ ਮੇਰਾ ਨਹੀਂ ਜੀਅ ਕਰਦਾ,
ਮੈਥੋਂ ਵਿਹਲਾ ਵੀ ਬੈਠਾ ਨਾ ਜਾਏ ਸਾਈਆਂ ।
ਇਸ ਮਿੱਟੀ ਦੇ ਬਣੇ ਕਲਬੂਤ ਵਿਚੋਂ,
ਪੰਛੀ ਬਾਹਰ ਨੂੰ ਉੱਡਣਾ ਚਾਹੇ ਸਾਈਆਂ ।
ਖੰਭ ਮਾਰ ਕੇ ਹੋ ਨਿਢਾਲ ਬਹਿੰਦਾ,
ਤੈਥੋਂ ਬਿਨਾਂ ਕਿਹੜਾ ਬਲ ਪਾਏ ਸਾਈਆਂ ।
ਕੌਣ ਦੁਖੀਏ ਦੇ ਕੀਰਨੇ ਸੁਣੇ ਆ ਕੇ,
ਚੰਚਲ ਮਨ ਨੂੰ ਕਿਹੜਾ ਸਮਝਾਏ ਸਾਈਆਂ ।

---

ਸਾਸ ਸਾਸ ਕੀਰਤਨ ਤੂੰਹੀ ਤੂੰਹੀ ਆਖੇ,
ਸ਼ਬਦ ਸੁਰਤਿ ਵਾਲਾ ਪਰਚਾ ਪਾਉ ਸਾਈਆਂ ।
ਮਸਤੀ ਨਾਮ ਦੀ ਸੁੰਨ-ਸਮਾਧ ਬਖਸ਼ੋ,
ਬੇਗਮਪੁਰੇ ਦੇ ਦਰਸ਼ਨ ਕਰਾਉ ਸਾਈਆਂ ।
ਖ਼ੂਬ ਵਤਨ ਵਾਲਾ ਖ਼ੈਰ ਪਾਉ ਝੋਲੀ,
ਹਮ-ਸ਼ਹਿਰੀਆਂ ਨਾਲ ਮਿਲਾਉ ਸਾਈਆਂ ।
ਜਿਥੇ ਦੋਮ ਨ ਸੋਮ, ਇਕੋ ਇਕ ਹੀ ਹੈ,
ਉਸੇ ਦੇਸ਼ ਦੀ ਸੈਰ ਕਰਾਉ ਸਾਈਆਂ ।

www.AKJ.Org

# ਗੁਰਸਿੱਖੀ ਅੰਦਰ ਬਿਬੇਕ

(ਵਲੋਂ :–ਪ੍ਰਿੰਸੀਪਲ ਮਿਹਰ ਸਿੰਘ ਜੀ)

ਅਸੀਂ ਇਸ ਸਚਾਈ ਤੋਂ ਇਨਕਾਰ ਨਹੀਂ ਕਰ ਸਕਦੇ ਕਿ ਗੁਰਸਿਖੀ ਦਾ ਕਮਾਣਾ ਬੜਾ ਹੀ ਕਠਿਨ ਹੈ। ਆਪਣੀ ਘਾਲ ਕਮਾਈ ਤੇ ਗੁਰੂ ਦੀ ਕ੍ਰਿਪਾ ਬਗੈਰ ਕੋਈ ਵੀ ਗੁਰਸਿਖ ਗੁਰਮਤਿ-ਮਾਰਗ ਤੇ ਚਲ ਹੀ ਨਹੀਂ ਸਕਦਾ। "ਮੁਰਦਾ ਹੋਇ ਮੁਰੀਦਾ ਕਾ, ਗੁਰ ਗੋਰ ਸਮਾਵੈ" ਦੇ ਅਨੁਸਾਰ ਨਾ ਕੇਵਲ ਸਰੀਰਕ ਰੂਪ ਨਾਲ ਬਲਕਿ ਆਤਮਕ ਤੌਰ ਤੇ ਵੀ ਆਪਣੀ ਹਸਤੀ ਨੂੰ ਮਿਟਾਣਾ ਇਸ ਮਾਰਗ ਵਿਚ ਪਹਿਲੀ ਸ਼ਰਤ ਹੈ। ਮੰਨ ਲਵੋ, ਇਕ ਇਛਾਵਾਨ ਚੜ੍ਹਦੀ-ਕਲਾ ਦਾ ਗੁਰਸਿਖ ਸੰਸਾਰਕ ਇਛਾਵਾਂ ਦੀ ਤੋਂ ਨਫਸੀ ਕੁਰਬਾਨੀ ਕਰਦਾ ਹੋਇਆ ਅਗੇ ਵਧ ਰਿਹਾ ਤੇ ਕਦਮ ਕਦਮ ਤੇ ਗੁਰੂ ਕ੍ਰਿਪਾ ਦੇ ਆਸਰੇ ਨਾਲ ਆਪਣੀ ਆਤਮਕ ਮੰਜ਼ਲ ਤੈਅ ਕਰਦਾ ਜਾਂਦਾ ਹੈ ਪਰ ਇਹ ਸਾਰੀਆਂ ਗਲਾਂ ਹੁੰਦਿਆਂ ਹੋਇਆਂ ਵੀ ਉਸ ਦੀ ਗੁਰੂ-ਦਰਸ-ਤੜਪ ਨੂੰ ਧੀਰਜ ਨਹੀਂ ਆਉਂਦਾ ਤੇ ਉਸਦੀ ਪ੍ਰੀਤ ਡੋਰੀ ਹਰਦਮ ਤੁਨਕਾ ਮਾਰ ਮਾਰ ਉਸਦੀ ਆਤਮਾ ਨੂੰ ਬੇਚੈਨ ਹੀ ਰਖਦੀ ਹੈ। "ਰਾਜ ਨ ਚਾਹਉ, ਮੁਕਤ ਨ ਚਾਹਉ, ਮਨਿ ਪ੍ਰੀਤ ਚਰਨ ਕਮਲਾਰੇ" ਦੇ ਅਨੁਸਾਰ ਗੁਰਸਿਖ ਦੀ ਅੰਤਮ ਬਿਨੇ ਉਸ ਦਾਤੇ ਨਾਲ ਸਦੈਵੀ ਪ੍ਰੀਤ-ਨਾਤਾ ਜੁੜੇ ਰਹਿਣ ਦੀ ਹੈ। ਐਸੀ ਵਿਚਾਰ-ਧਾਰਾ ਵਾਲੇ ਗੁਰ-ਸਿਖ ਧਨਤਾ ਯੋਗ ਹਨ। ਗੁਰਸਿਖੀ ਪਾਲਨ ਲਈ "ਸਰਬ ਲੋਹ" ਦੇ ਧਾਰਨੀ ਇਕ ਮਹਾਨ ਉੱਚਾ ਅਸਥਾਨ ਰਖਦੇ ਹਨ। ਉਨ੍ਹਾਂ ਦੀ (Line of action) ਕਰਮ-ਪਦੱਤੀ ਸ਼ਲਾਘਾ ਯੋਗ ਹੈ ਉਸ ਵਿਚ ਗੁਰਸਿਖ ਪੂਰਨ ਰੂਪ ਤੇ ਆਪਣੇ ਇਸ਼ਟਮ ਦਾ "ਲਾਲਾ ਗੋਲਾ" ਬਣ ਕੇ ਗੁਰਸਿਖੀ ਦੇ ਨਿਯਮਾਂ ਨੂੰ ਪਿਆਰਦਾ ਹੋਇਆ ਗੁਰੂ ਦੀਆਂ ਖੁਸ਼ੀਆਂ ਤੇ ਬਖਸ਼ਸ਼ਾਂ ਦਾ ਪਾਤਰ ਛੇਤੀ ਬਣਦਾ ਹੈ। ਗੁਰਸਿਖੀ ਵਿਚ ਬਿਬੇਕ ਵੀ ਐਸੀ ਕ੍ਰਿਆਤਮਕ ਵਿਧੀ ਹੈ ਜਿਸ ਦਾ ਧਾਰਨੀ ਸਿਖ ਵੀ ਵਡਭਾਗੀ ਹੈ। ਉਹਨਾਂ ਸਭਨਾਂ ਗੁਰਸਿਖਾਂ ਨੂੰ ਪੂਰੇ ਅਦਬ ਤੇ ਸਨਮਾਨ ਨਾਲ ਸਿਰ ਝੁਕਾਉਂਦਿਆਂ ਹੋਇਆਂ ਤੇ ਉਨ੍ਹਾਂ ਗੁਰੂ-ਚਰਨ ਭੌਰਿਆਂ ਲਈ ਇਕ ਚੜ੍ਹਦੀ-ਕਲਾ ਲਈ ਗੁਰੂ ਸਾਹਿਬਾਨ ਅਗੇ ਜੋਦੜੀ ਕਰਦਿਆਂ ਹੋਇਆਂ, ਬੇਨਤੀ ਵਜੋਂ ਗੁਰੂ ਦੇ ਬਖਸ਼ੇ ਹੋਇ ਗਿਆਨ ਰਾਹੀਂ ਕੁਝ ਵਿਚਾਰ ਕੇਵਲ "ਬਿਬੇਕ" ਬਾਰੇ ਪਰਗਟ ਕਰਨ ਦਾ ਇਉਂ ਹੀਆ ਕਰ ਰਿਹਾ ਹਾਂ :—

ਬਿਬੇਕ ਕੀ ਹੈ ? 'ਬਿਬੇਕ' ਅਖਰ ਦੇ ਦੋ ਖੰਡ ਹਨ, ਬਿਬ+ਏਕ। 'ਬਿਬ' ਅਰਥਾਤ ਦੋ ਤੇ 'ਏਕ' ਅਰਥਾਤ ਇਕ। ਸੋ ਬਿਬੇਕ ਸ਼ਬਦ ਦੇ ਅਰਥ ਹੋਇ 'ਦੋਹਾਂ ਵਿਚੋਂ ਦਵੈਤ ਨੂੰ ਮਿਟਾ ਕੇ 'ਇਕ' ਨੂੰ ਵੇਖਨਹਾਰਾ। ਬ੍ਰਹਮ ਗਿਆਨ ਦੀ ਪਹਿਲੀ ਸੀੜ੍ਹੀ 'ਬਿਬੇਕ' ਹੈ। 'ਸਰਬਲੋਹ' ਤੋਂ ਬਾਅਦ 'ਬਿਬੇਕ' ਵੀ ਇਕ ਐਸਾ ਗੁਰਮਤਿ ਮਾਰਗ ਹੈ ਜਿਹੜਾ ਕਿ ਗੁਰਸਿਖ ਨੂੰ ਆਪਣੀ ਮਨਜ਼ਲੇ ਮਕਸੂਦ ਤਕ ਪਹੁੰਚਾਣ ਵਿਚ ਵੀ ਪੂਰਾ ਸਹਾਇਕ ਹੁੰਦਾ ਹੈ। ਜੇਕਰ ਇਸ ਨੂੰ ਠੀਕ ਠੀਕ ਸਮਝਿਆ ਜਾਇ ਅਤੇ ਇਸ ਤੇ ਕਮਾਈ ਕੀਤੀ ਜਾਇ।


www.AKJ.Org

ਬਿਬੇਕੀ ਸੰਸਾਰ ਦੀਆਂ ਸਾਰੀਆਂ ਵਸਤੂਆਂ ਵਿਚ ਇਕ (੧ੳ) ਨੂੰ ਵੇਖਦਾ ਹੈ। ਇਕ ਅੰਗਰੇਜ਼ੀ ਲਿਖਾਰੀ ਲਿਖਦਾ ਹੈ "To see unity in diversity is the work of a real ascetic" ਅਰਥਾਤ ਇਕ ਸੱਚੇ ਭਗਤ ਦਾ ਦ੍ਰਿਸ਼ਟੀਕੋਨ ਅਨੇਕਤਾ ਵਿਚੋਂ ਏਕਤਾ ਨੂੰ ਦੇਖਣਾ ਹੁੰਦਾ ਹੈ।

ਆਮ ਲੋਕ ਜਿਹੜੇ ਕਿ 'ਬਿਬੇਕ' ਦੇ ਅੰਦਰਲੇ ਗੋਹਜ-ਗਿਆਨ ਨੂੰ ਨਹੀਂ ਸਮਝਦੇ ਕੇਵਲ ਖਾਣ-ਪੀਣ ਵਿਚ ਸੁਧਤਾ ਦੇ ਧਾਰਨੀ ਹੋਣਾ ਹੀ ਬਿਬੇਕ ਸਮਝਦੇ ਹਨ। ਇਸ ਵਿਚ ਸ਼ਕ ਨਹੀਂ ਕਿ 'ਜੈਸਾ ਅੰਨ, ਵੈਸਾ ਤਨ, ਜੈਸਾ ਤਨ ਵੈਸਾ ਮਨ, ਜੈਸਾ ਮਨ ਵੈਸੀ ਬੁਧੀ; ਜੈਸੀ ਬੁਧੀ ਵੈਸੀ ਆਤਮਾ' ਦੇ ਕਥਨ ਮੁਤਾਬਕ ਉਹ ਕੁਝ ਕੁ ਠੀਕ ਹਨ ਪਰ ਬਿਬੇਕੀ ਦੀ ਮਨਜ਼ਲ ਇਥੇ ਹੀ ਖ਼ਤਮ ਨਹੀਂ ਹੋ ਜਾਂਦੀ ਅਗੇ ਹੋਰ ਵੀ ਹੈ। ਖਾਣ-ਪੀਣ ਦੇ ਬਿਬੇਕ ਵਿਚ ਫਸਿਆ ਹੋਇਆ ਕੇਵਲ ਪੁਰਾਣਾ ਪੰਡਿਤ ਹੀ ਬਣ ਕੇ ਰਹਿ ਜਾਇਗਾ, ਜਿਸਦੀ ਗੁਰੂ ਸਾਹਿਬਾਨ ਨੇ ਨਿਖੇਧੀ ਕੀਤੀ ਹੈ।

ਇਕ ਬਿਬੇਕੀ, ਜੋ ਆਪਣੀਆਂ ਅੰਦਰਲੀਆਂ ਤੇ ਬਾਹਰਲੀਆਂ ਗਿਆਨ-ਇੰਦਰੀਆਂ ਦਾ ਸਬੰਧ ਜੋੜੇ ਤਾਂ ਹੀ ਉਸ ਨੂੰ ਆਪਣੇ ਮਾਰਗ ਵਿਚ ਨਿਡਰਤਾ ਨਾਲ ਉਨਤੀ ਮਿਲੇਗੀ। ਬਿਬੇਕ ਆਪਣੇ ਮਨ ਦਾ ਦਾਇਰਾ ਖੁਲ੍ਹਾ ਰਖੇ ਸੰਕੁਚਿਤ ਨ ਰਖੇ। ਜੇ ਉਹ ਇਹ ਹੀ ਸਮਝ ਬੈਠੇ ਕਿ ਕੇਵਲ ਖਾਣ-ਪੀਣ ਵਿਚ ਪਰਹੇਜ਼ (ਸੰਜਮ) ਕਰਨ ਦਾ ਨਾਉਂ ਹੀ ਬਿਬੇਕ ਹੈ ਤਾਂ ਉਹ ਪੂਰਨ ਨਹੀਂ ਹੋ ਸਕੇਗਾ। ਆਪਣੇ ਨਿਸ਼ਾਨੇ ਤੋਂ ਖੁੰਝ ਜਾਏਗਾ। ਜੇ ਜ਼ਰਾ ਵਿਚਾਰ ਨਾਲ ਸੋਚਿਆ ਜਾਏ ਤਾਂ ਇਹੋ ਹੀ ਮੰਨਣਾ ਪਵੇਗਾ ਕਿ ਖਾਣ ਪੀਣ ਦੀ ਸੁਧਤਾ ਕੇਵਲ ਇਕ ਸਾਧਨ ਹੈ। ਇਸ ਨੂੰ ਉਹ ਅੰਤਮ ਟੀਚਾ (**final goal**) ਨਾ ਸਮਝੇ ਸਗੋਂ ਇਸ ਦੇ ਜ਼ਰੀਏ ਅਗਲੀਆਂ ਮੰਜ਼ਲਾਂ ਤੈਅ ਕਰੇ।

ਆਓ ਹੁਣ ਵਿਚਾਰੀਏ ਕਿ ਬਿਬੇਕੀ ਅਸਲ ਵਿਚ ਕੌਣ ਹੈ? ਬਿਬੇਕੀ ਉਹ ਗੁਰੂ ਕਾ ਲਾਲ ਹੈ ਜਿਹੜਾ 'ਕਰਮ ਯੋਗ' ਵਿਚ ਬਿਬੇਕੀ ਹੋਵੇ ਅਰਥਾਤ ਕਰਤਾ, ਕਰਮ, ਕ੍ਰਿਆ ਨੂੰ ਸਮਝ ਕੇ ਆਪਣੇ ਸ਼ੁਭ ਕਰਮਾਂ ਨਾਲ ਉਸ 'ਕਰਤਾ ਪੁਰਖ' ਨਾਲ ਸਬੰਧ ਜੋੜੇ। ਬਿਬੇਕੀ ਦਾ ਕਮ 'ਭਗਤੀ ਯੋਗ' ਵਿਚ ਇਹ ਹੈ ਕਿ ਧਿਆਨ, ਧਿਆਤਾ, ਧੇਅ ਨੂੰ ਸਮਝਕੇ ਆਪਣੇ ਧਿਆਨ ਨਾਲ (ਜੋ ਸਿਮਰਨ ਦੀ ਇਕ ਸੁੰਦਰ ਸਟੇਜ ਹੈ) ਆਪਣੇ ਧੇਅ ਨੂੰ ਪਹਿਚਾਨੇ। ਇਸ ਤੋਂ ਇਲਾਵਾ 'ਗਿਆਨ ਯੋਗ' ਵਿਚ ਬਿਬੇਕੀ ਗਿਆਨ, ਗਿਆਤਾ, ਗੇਅ ਨੂੰ ਸਮਝਦਾ ਹੋਇਆ ਆਪਣੇ ਗੁਰ-ਗਮ ਗਿਆਨ ਦੁਆਰਾ 'ਗੇਅ' ਤਕ ਪਹੁੰਚੇ। ਇਹ ਹਨ ਬਿਬੇਕੀ ਲਈ ਜ਼ਰੂਰੀ ਸਾਧਨ ਜਿਨ੍ਹਾਂ ਵਾਸਤੇ ਉਸ ਨੂੰ ਹਰ ਸਮੇਂ ਤਿਆਰ ਰਹਿਣਾ ਚਾਹੀਦਾ ਹੈ। ਬਿਬੇਕੀ ਸਜਣ ਲਈ ਇਹ ਵੀ ਜ਼ਰੂਰੀ ਹੈ ਕਿ ਉਹ ਆਪਣੇ ਆਪ ਨੂੰ ਅੰਦਰੂਨੀ ਤੌਰ ਤੇ ਸਮਝਣ ਲਈ ਕਿਸੇ ਦਿਭ-ਦ੍ਰਿਸ਼ਟੀ ਕੋਲ ਜਾ ਕੇ ਆਪਣੀ ਉਣਤਾਈ ਨੂੰ ਸਮਝ ਕੇ ਫੇਰ ਅਗੇ ਵਧੇ। ਇਸ ਨਾਲ ਉਸ ਨੂੰ ਇਹ ਪਤਾ ਲਗਦਾ ਰਹੇਗਾ ਕਿ ਉਹ ਆਪਣੇ ਗਿਆਨ, ਕਰਮ ਤੇ ਧਿਆਨ ਨਾਲ ਆਤਮਕ ਪਗ-ਡੰਡੀ ਤੇ ਹੀ ਚਲ ਰਿਹਾ ਹੈ ਤੇ ਥਿੜਕਿਆ ਨਹੀਂ।

ਦਿਭ-ਦ੍ਰਿਸ਼ਟੀ ਰੂਹਾਂ ਇਸ਼ਾਰਿਆਂ ਨਾਲ ਤੇ ਨਜ਼ਰਾਂ ਨਾਲ ਹੀ ਨਿਹਾਲ ਕਰ ਦੇਂਦੀਆਂ ਹਨ ਤੇ ਇਕ ਚਾਹ-ਵਾਨ ਦੇ ਅੰਦਰਲੇ ਨੂੰ ਸੁਤੇ ਸਿਧ (**automatically**) ਹੀ ਪਾਲਸ਼ ਕਰ ਦਿੰਦੀਆਂ ਹਨ। ਬਿਬੇਕੀ, ਜਦੋਂ ਵੀ ਦਿਭ-ਦ੍ਰਿਸ਼ਟੀ ਰੂਹ ਕੋਲ ਜਾਏ, ਆਪਣੇ ਕਰਮ ਗਿਆਨ ਤੇ ਧਿਆਨ ਦੀ ਚਤਰਾਈ ਨੂੰ ਛਡ ਕੇ ਜਾਏ ਤਾਂ ਹੀ ਉਸ ਦੀ ਝੋਲੀ ਭਰੀ ਜਾਵੇਗੀ। ਉਹ 'ਹਮ ਭੀਖਕ ਭੇਖਾਰੀ ਤੇਰੇ, ਤੂੰ ਨਿਜਪਤਿ ਹੈ ਦਾਤਾ' ਨੂੰ ਯਾਦ ਕਰਕੇ ਪੂਰਨ



www.AKJ.Org

ਆਨੰਦ ਪ੍ਰਾਪਤ ਕਰੇਗਾ।

ਗੁਰਸਿਖੀ ਕਮਾਉਣਾ ਤੇ ਪਾਲਣਾ ਕੋਈ ਸੌਖੀ ਜੇਹੀ ਗਲ ਨਹੀਂ। ਗੁਰਸਿਖੀ ਕੁਰਬਾਨੀ ਦਿਤਿਆਂ ਮਿਲਦੀ ਹੈ। ਜਿਨ੍ਹਾਂ ਨੇ ਆਪਣੇ ਸਰੀਰਾਂ ਦੀ ਕੁਰਬਾਨੀ ਦਿਤੀ ਗੁਰਸਿਖੀ ਉਨ੍ਹਾਂ ਨੂੰ ਮਿਲੀ। ਗੁਰਸਿਖੀ 'ਹੁਕਮੀ ਬੰਦਾ' ਬਨਣ ਨਾਲ ਮਿਲਦੀ ਹੈ। ਜਿਨ੍ਹਾਂ ਨੇ ਗੁਰੂ ਦੇ ਹੁਕਮਾਂ ਨੂੰ ਸਿਰ-ਮਥੇ ਮਨਿਆ, ਗੁਰਸਿਖੀ ਉਨ੍ਹਾਂ ਦੇ ਕਰਮਾਂ ਵਿਚ ਆਈ। ਗੁਰਸਿਖੀ ਆਤਮ ਸਮਰਪਨ **(self surrender)** ਨਾਲ ਮਿਲਦੀ ਹੈ। ਗੁਰਸਿਖੀ-ਪਤੰਗਿਆਂ ਨੇ ਆਪਣੇ ਆਪ ਨੂੰ ਗੁਰੂ-ਰੂਪੀ ਸ਼ਮਾਂਅ ਤੇ ਭਸਮ ਕਰਕੇ ਗੁਰਸਿਖੀ ਪਾਈ। ਜਿਨ੍ਹਾਂ ਦੁਨੀਆਵੀ ਮਾਨ, ਦੌਲਤ ਦੀ ਖੁਮਾਰੀ ਨੂੰ ਲਤ ਮਾਰ ਕੇ ਗੁਰੂ ਜੀ ਅਗੇ ਗੁਰਸਿਖੀ ਦੀ ਦਾਤ ਵਾਸਤੇ ਜੋਦੜੀਆਂ ਕੀਤੀਆਂ, ਗੁਰਸਿਖੀ ਉਨ੍ਹਾਂ ਨੂੰ ਨਸੀਬ ਹੋਈ। ਤਾਂ ਫਿਰ ਐਸੀ ਮਹਿੰਗੀ ਚੀਜ਼ ਨੂੰ ਜੇ ਪਾਲਿਆ ਨਾ ਜਾਇ ਤਾਂ 'ਇਹੀ ਤੇਰਾ ਅਉਸਰੁ ਇਹ ਤੇਰੀ ਬਾਰ' ਨੂੰ ਅਸੀਂ ਭੁਲ ਗਏ ਤੇ ਸਾਡੀ ਜੀਵਨ-ਯਾਤ੍ਰਾ ਦਾ ਨਤੀਜਾ ਕੁਝ ਵੀ ਨ ਨਿਕਲਿਆ।

ਸੋ ਬਿਬੇਕ ਧਾਰਨ ਕਰਕੇ ਵੀ ਗੁਰਸਿਖੀ ਪੂਰਨਤਾ ਪ੍ਰਾਪਤ ਕਰਦੀ ਹੈ ਉਸਨੂੰ ਠੀਕ ਮਹਿਨਿਆਂ ਵਿਚ ਸਮਝ ਕੇ ਪਾਲਨਾ ਜ਼ਰੂਰੀ ਹੈ। ਦਿਖਾਵੇ ਦਾ ਬਿਬੇਕ ਠੀਕ ਨਹੀਂ। ਗੁਰਸਿਖ ਲਈ ਲਕੜੀ ਵਿਚ ਘੁਣ ਦਾ ਕੰਮ ਕਰੇਗਾ। ਸਮਾਂ ਪਾ ਕੇ ਫਿਰ 'ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ' ਦੇ ਮੁਤਾਬਕ ਉਸੇ ਚੌਰਾਸੀ ਦੇ ਗੇੜ ਵਿਚ ਫਿਰ ਪੈ ਜਾਏਗਾ।

ਗੁਰਸਿੱਖੋ, ਗੁਰੂ ਦੇ ਪਿਆਰਿਉ, ਗੁਰਸਿਖੀ ਬਾਰੀਕ ਹੈ ਸਿਲ ਚਟਨ ਫਿਕੀ। ਸੋ ਕਿਸੇ ਵੀ ਸਾਧਨ ਨੂੰ ਜਦੋਂ ਗੁਰਸਿਖੀ ਅੰਦਰ ਧਾਰਨ ਕੀਤਾ ਜਾਏ, ਆਪਣੇ ਆਪ ਨੂੰ ਦਿਖਾਵ ਤੋਂ ਬਚਾ ਕੇ ਰਖਣਾ ਹੀ ਲਾਭਦਾਇਕ ਹੈ। ਅਸਾਂ ਆਪਣੇ ਸ਼ੁਭ ਕਰਮਾਂ ਤੇ ਕਮਾਈ ਨਾਲ ਆਪਣੇ ਇਸ਼ਟ ਦੇਵ (੧ਓ) ਨੂੰ ਰੀਝਾਣਾ ਹੈ। 'ਲੋਕ ਪਤੀਣੇ ਕਛੂ ਨਾ ਹੋਵੈ' ਨੂੰ ਯਾਦ ਕਰਦਿਆਂ ਹੋਇਆਂ ਜੇ ਅਸੀਂ ਆਪਣੇ ਸਾਰਿਆਂ ਕਰਮਾਂ ਦਾ ਕਰਤਾ ਉਸ ਦਾਤੇ ਨੂੰ ਹੀ ਸਮਝਾਂਗੇ, ਤਾਂ ਹੀ ਬਿਬੇਕ ਦੀ ਪਾਲਨਾ ਹੋਵੇਗੀ। ਸਾਡੇ ਜੀਵਨ-ਯਾਤ੍ਰਾ ਦਾ **aim** (ਉਦੇਸ਼) ਆਪਣਾ ਕਦਮ ਆਤਮਕ ਮਾਰਗ ਵਿਚ ਅਗੇ ਵਧਾਉਣਾ ਹੈ। ਜੇ ਇਹ ਹੈ ਤਾਂ ਅਸਾਂ ਬਹੁਤ ਕੁਝ ਖਟਿਆ ਹੈ ਕਿਉਂ ਜੋ ਸਾਡਾ ਅੰਤਮ ਫੈਸਲਾ ਤੇ ਸਾਡੇ ਸਾਰੇ ਜਨਮਾਂ ਦੇ ਸਾਰਿਆਂ ਕਰਮਾਂ ਦੇ ਆਧਾਰ ਤੇ **(on the basis of sum total of our actions in all our lives)** ਹੋਵੇਗਾ ਅਤੇ 'ਧਰਮ ਰਾਇ ਦਰਿ ਕਾਗਦ ਫਾੜੇ, ਜਨ ਨਾਨਕ ਲੇਖਾ ਸਮਝਾ' ਵਾਲਾ ਮਾਮਲਾ ਹੋ ਗਿਆ।

ਸੋ ਇਹ ਜ਼ਰੂਰੀ ਹੈ ਕਿ ਹਰ ਇਕ ਬਿਬੇਕ ਗੁਰਸਿਖ ਦਿਖਾਵੇ ਤੋਂ ਬਚੇ ਤੇ ਦੂਜਿਆਂ ਨੂੰ ਨਫਰਤ ਨ ਕਰੇ। ਜੇ ਉਹ ਦੂਜੇ ਗੁਰਸਿਖਾਂ ਅੰਦਰ ਗੁਰਮਤਿ ਅਸੂਲਾਂ ਦੀ ਕੁਝ ਥੁੜ੍ਹ ਦੇਖੇ ਤਾਂ ਯਾ ਤੇ ਪ੍ਰੇਮ ਨਾਲ ਉਸ ਨੂੰ ਸਮਝਾਇ, ਨਹੀਂ ਤੇ ਉਸ ਲਈ ਮਨ ਹੀ ਮਨ ਵਿਚ ਗੁਰੂ ਕ੍ਰਿਪਾ ਲਈ ਮੰਗ ਮੰਗੇ। ਸਾਰੇ ਸਾਧਨ ਅਪਨਾਉਂਦਿਆਂ ਹੋਇਆਂ ਵੀ ਉਹ ਨਿਰਮਾਣ ਰਹੇ ਤਾਂ ਫਿਰ ਬਿਬੇਕੀ, ਗੁਰੂ-ਭੌਰਾ 'ਲੋਕ ਸੁਖੀਏ ਪ੍ਰਲੋਕ ਸੁਹੇਲੇ, ਨਾਨਕ ਹਰਿ ਪ੍ਰਭ ਆਪੇ ਮੇਲੇ' ਦੇ ਮੁਤਾਬਕ ਲੋਕ ਪ੍ਰਲੋਕ ਵਿਚ ਮਾਨ ਪ੍ਰਾਪਤ ਕਰੇਗਾ।

ਸੋ ਆਉ, ਗੁਰਸਿਖੀ ਅੰਦਰ ਬਿਬੇਕ ਧਾਰਨ ਕਰਨ ਵਾਲੇ ਗੁਰਸਿਖੋ, ਆਪਣੇ ਆਪ ਨੂੰ ਕਰਮ ਯੋਗ, ਭਗਤੀ ਯੋਗ ਤੇ ਗਿਆਨ ਯੋਗ ਦੀ ਕਸਵਟੀ ਤੇ ਵੀ ਪਰਖੋ। ਗੁਰੂ ਦੀਆਂ ਮਿਹਰਾਂ ਦਾ ਹਥ ਆਪ ਉਤੇ ਸਦਾ ਰਹੇਗਾ ਤੇ ਆਪ ਦਾ ਬਿਬੇਕ ਸਫਲੀ ਭੂਤ ਹੋਵੇਗਾ।



www.AKJ.Org

ਸਰਬ ਲੋਹ ਤੇ ਬਿਬੇਕ ਜੈਸੇ ਸ਼ੁਭ ਆਤਮਕ ਮਾਰਗ ਤੇ ਸੁਚੱਜੇ ਰੂਪ ਨਾਲ ਚਲਣ ਵਾਲੇ ਸਜਣਾਂ ਦੇ 'ਜਬ ਲਗ ਖਾਲਸਾ ਰਹੇ ਨਿਆਰਾ'' ਦੇ ਜਜ਼ਬਾਤ ਨੂੰ ਅਮਲੀ ਰੂਪ ਨਾਲ ਪਾਲਨ ਕਰਦਿਆਂ ਹੋਇਆਂ ਵੇਖ ਕੇ ਬਾਕੀ ਗੁਰਸਿੱਖਾਂ ਨੂੰ ਵੀ ਉਨਾਂ ਸਨਮਾਨ ਕਰਨਾ ਜ਼ਰੂਰੀ ਹੈ। ਅਜ ਕਲ ਦੇ ਖੁਲ੍ਹੇ ਵਿਚਾਰਾਂ ਵਾਲੇ ਆਪਣੇ ਆਪ ਨੂੰ ਗੁਰਸਿੱਖ ਕਹਿਲਾਉਣ ਵਾਲੇ ਸੱਜਣ ਭਾਵੇਂ ਕੁਝ ਸਮਝਣ ਪਰ ਸੋਨਾ, ਸੋਨਾ ਹੀ ਹੈ ਭਾਵੇਂ ਕਿਸੇ ਵੇਲੇ ਉਸ ਤੇ ਆਰਜ਼ੀ ਤੌਰ ਤੇ ਮਿਟੀ ਹੀ ਕਿਉਂ ਨ ਲਗ ਜਾਵੇ।

————

# ਕੁਰਾਲਾ ਪਿੰਡ ਵਿਖੇ ਸਮਾਗਮ—ਫ਼ਰਵਰੀ ੧੯੭੨

ਦਾਸ ਦੇ ਗ੍ਰਿਹ ਵਿਖੇ ਕੁਰਾਲਾ ਪਿੰਡ ਵਿਚ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਸਮਾਗਮ ਹੋ ਰਹੇ ਹਨ :—

10, 11, 12 ਫ਼ਰਵਰੀ ਸ੍ਰੀ ਅਖੰਡ ਪਾਠ।

12 ਫ਼ਰਵਰੀ ਭੋਗ ਸ੍ਰੀ ਅਖੰਡ ਪਾਠ, ਉਪਰੰਤ ਕੀਰਤਨ।

ਰਾਤ 12, 13 ਫ਼ਰਵਰੀ ਰੈਣ ਸਬਾਈ ਕੀਰਤਨ।

13 ਫ਼ਰਵਰੀ ਸਵੇਰੇ ਅਨੰਦ ਕਾਰਜ ਸਪੁਤ੍ਰੀ ਭਾਈ ਅਵਤਾਰ ਸਿੰਘ ਜੀ।

ਸਭ ਸੰਗਤਾਂ ਦਿਆਂ ਚਰਨਾਂ ਵਿਚ ਬੇਨਤੀ ਹੈ ਕਿ ਇਸ ਅਵਸਰ ਤੇ ਆਇ ਦੀਦਾਰੇ ਬਖਸ਼ਣ ਤੇ ਤੇ ਹਰ ਜਸ ਦੀਆਂ ਝੜੀਆਂ ਲਾਵਣ। ਕੁਰਾਲਾ ਪਿੰਡ ਟਾਂਡਾ-ਦਸੂਹਾ ਰੋਡ ਤੇ ਟਾਂਡੇ ਤੋਂ ਤਿੰਨ ਮੀਲ ਤੇ ਹੈ।

ਸੰਗਤਾਂ ਦਾ ਦਾਸ ਪ੍ਰਾਰਥਕ :—
ਅਵਤਾਰ ਸਿੰਘ ਪਿੰਡ ਕੁਰਾਲਾ।

————



www.AKJ.Org

# ਸ੍ਰੀ ਗੁਰੂ ਗਰੰਥ ਸਾਹਿਬ ਜੀ

—ਸ: ਸੇਵਾ ਸਿੰਘ ਸੇਵਕ ਤਰਨਤਾਰਨ

ਸ੍ਰੀ ਗੁਰੂ ਗਰੰਥ ਸਾਹਿਬ ਜੀ ਵਿਚ ਭੱਟ ਮਥਰਾ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਕਲਜੁਗੀ ਜੀਵਾਂ ਦੇ ਸੰਸਾਰ ਸਮੁੰਦਰ ਵਿਚੋਂ ਪਾਰ ਕਰਨ ਵਾਲਾ ਜਹਾਜ਼ ਦਰਸਾਇਆ ਹੈ। ਸੱਚਮੁੱਚ ਸ੍ਰੀ ਗੁਰੂ ਜੀ ਮਿਠਤ, ਪਿਆਰ, ਕੋਮਲਤਾ, ਨਿਮਰਤਾ, ਸਮ-ਦ੍ਰਿਸ਼ਟਤਾ, ਪਰਉਪਕਾਰ ਤੇ ਪਵਿੱਤਰਤਾ ਦੇ ਸੋਮੇ ਸਨ। ਆਪ ਜਿਥੇ ਕਵਿਤਾ, ਰਾਗ, ਫ਼ਲਸਫ਼ੇ, ਮੰਦਰ ਉਸਾਰੀ ਕਲਾ ਆਦਿ ਸੂਖਮ ਤੇ ਕੋਮਲ ਹੁਨਰਾਂ ਦੇ ਮੰਨੇ ਪਰਮੰਨੇ ਤੇ ਨਿਪੁੰਨ ਉਸਤਾਦ ਕਲਾਕਾਰ ਸਨ, ਉਥੇ ਆਪ ਆਪਣੇ ਆਤਮ ਅਨੁਭਵੀ ਗਿਆਨ ਉਪਦੇਸ਼ਾਂ ਦੇ ਵੀ ਭੰਡਾਰ ਸਨ।

ਆਪ ਨੇ ਜੋ ਸ੍ਰੀ ਗੁਰੂ ਗਰੰਥ ਸਾਹਿਬ ਰੂਪੀ ਪਰਮ ਉੱਚਤਮ ਜਹਾਜ਼ ਕਾਇਮ ਕੀਤਾ, ਇਹ ਆਪ ਦੀ ਜਹਾਜ਼ਗੀਰੀ ਦਾ ਇਕ ਅਦੁੱਤੀ ਕਮਾਲ ਸੀ। ਇਸ ਨਾਮ ਬਾਣੀ ਦੇ ਬੇੜੇ ਵਿਚ ਹਰੇਕ ਪ੍ਰਾਂਤ, ਹਰੇਕ ਬੋਲੀ ਬੋਲਣ ਵਾਲੇ ਤੇ ਹਿੰਦੂ ਮੁਸਲਮਾਨ ਮਜ਼ੁਬਾਂ ਦੀ ਧਾਰਨਾ ਧਾਰਨ ਵਾਲੇ ਭੱਟ ਭਗਤ ਤੇ ਡੂੰਮ ਆਦਿ ਸ਼ਾਮਲ ਹਨ। ਆਪ ਦੀ ਰਚਿਤ ਬਾਣੀ ਅੱਡ ਅੱਡ ਰਾਗਾਂ, ਘਰਾਂ, ਛੰਦਾਂ, ਬੋਲਾਂ ਤੋਲਾਂ, ਕਾਵਿਕ ਭੇਦਾਂ ਤੇ ਰੂਪਾਂ ਵਿਚ ਸਫਟਕ ਮਣੀਆਂ ਰਤਨਾਂ ਤੇ ਹੀਰੇ ਲਾਲਾਂ ਵਾਂਗ ਦਮਕਾਂ ਮਾਰ ਰਹੀ ਹੈ। ਆਪ ਜੀ ਵਲੋਂ ਸੰਪਾਦਿਤ ਬਾਣੀ ਤੇ ਆਪ ਦੀ ਆਪਣੀ ਬਾਣੀ, ਸਾਰੇ ਸੰਸਾਰ ਲਈ ਸਰਬ-ਸਾਂਝੀ ਸਿਖਿਆ ਦੇਣ ਵਾਲੀ ਲੋਕ ਪਰਲੋਕ ਦੀ ਸਹਾਇਕ ਤੇ ਮਾਨਵਤਾ ਨੂੰ ਸਰਬ ਸੁਖਦਾਈ ਲੀਹਾਂ ਉਤੇ ਚਲਾਉਣ ਵਾਲੀ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਜਹਾਜ਼ਗੀਰੀ ਦਾ ਇਕ ਕਲਾ-ਕੌਸ਼ਲ ਭਰਪੂਰ ਮੁਅਜਜ਼ਾ ਸ੍ਰੀ ਹਰਿਮੰਦਰ ਸਾਹਿਬ ਦੇ ਰੂਪ ਵਿਚ ਆਪਣੀ ਅਦੁੱਤੀ ਪ੍ਰਤਿਭਾ ਸਹਿਤ ਵਿਦਮਾਨ ਹੈ। ਇਹ ਸਰੋਵਰ ਦੇ ਵਿਚਕਾਰ ਆਪਣੀ ਸੁਨਹਿਰੀ ਲਹਿਰਾਉਂਦੀ ਆਭਾ ਦਮਕਾਰਦਾ ਹੋਇਆ ਇਕ ਸਚਖੰਡ ਟੁਕੜਾ ਹੈ। ਪਰਮਾਣ ਵਜੋਂ ਜਿਵੇਂ ਇਕ ਮੁਸਾਫ਼ਰ ਲਈ ਸਮੁੰਦਰ ਪਾਰ ਕਰਨ ਵਾਸਤੇ ਜਹਾਜ਼ ਦੀ ਲੋੜ ਹੁੰਦੀ ਹੈ ਉਸੇ ਤਰ੍ਹਾਂ ਮਾਇਆ ਮੋਹ ਦੇ ਸਮੁੰਦਰ ਵਿਚੋਂ ਨਿਕਲ ਕੇ ਪਾਰ ਉਤਰਨ ਲਈ ਸ੍ਰੀ ਹਰਿ-ਮੰਦਰ ਸਾਹਿਬ ਰੂਪ ਜਹਾਜ਼ ਦਾ ਆਸਰਾ ਲੈਣਾ ਆਵਸ਼ਕ ਹੈ। ਜਿਵੇਂ ਸ੍ਰੀ ਹਰਿਮੰਦਰ ਸਾਹਿਬ ਪੁਜਣ ਲਈ ਸਰੀਰਕ ਯਾਤਰੂ ਨੂੰ ਹੋਰ ਕਿਸੇ ਰਸਤੇ ਨਹੀਂ ਸਗੋਂ ਪੁਲ ਥਾਣੀਂ ਲੰਘਣਾ ਜ਼ਰੂਰੀ ਹੈ। ਉਸੇ ਤਰ੍ਹਾਂ ਪਰਮਾਤਮਕ ਜਹਾਜ ਤਕ ਅਪੜਨ ਲਈ ਨਾਮ ਰੂਪੀ ਪੁਲ ਦਾ ਆਸਰਾ ਲੈਣਾ ਅਵੱਸ਼ਕ ਹੈ। 'ਨਾਮ' ਤੇ ਕੇਵਲ ਨਾਮ ਦੁਆਰਾ ਹੀ ਜੀਵ ਪਰਮਾਤਮਾ ਦੀ ਲਖਤਾ ਪਰਾਪਤ ਕਰ ਸਕਦਾ ਹੈ,



www.AKJ.Org

ਇਸ ਤੋਂ ਬਿਨਾਂ ਹੋਰ ਕੋਈ ਵਸੀਲਾ ਨਹੀਂ ਹੈ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸਮੁਚੀ ਬਾਣੀ ਇਸੇ ਨਾਮ ਦੀ ਮਹਿਮਾ ਬਿਆਨ ਕਰ ਰਹੀ ਹੈ, ਜਿਵੇਂ :—

ਅਵਰ ਕਾਜ ਤੇਰੇ ਕਿਤੇ ਨ ਕਾਮੁ ॥
ਮਿਲਿ ਸਾਧ ਸੰਗਤਿ ਭਜ ਕੇਵਲ ਨਾਮੁ ॥
ਨਾਮ ਬਿਨਾ ਜੇਤਾ ਬਿਉਹਾਰ ॥
ਜਿਉ ਮ੍ਰਿਤਕ ਮਿਥਿਆ ਸੀਗਾਰ ॥
ਨਾਮ ਬਿਸਾਰ ਕਰਹਿ ਰਸ ਭੋਗੁ ॥
ਸੁਖ ਸੁਪਨੈ ਨਹੀ ਤਨਿ ਮਹਿ ਰੋਗੁ ॥

ਸੋ ਸਤਿਗੁਰੂ ਜਹਾਜ਼ ਨੇ, ਸੰਸਾਰੀ ਜੀਵਾਂ ਦੇ ਉਧਾਰ ਲਈ ਆਪ ਜਹਾਜ਼ ਵਾਂਗ ਭਾਰ ਚੁਕ ਕੇ ਉਨ੍ਹਾਂ ਨੂੰ ਪਾਰ ਉਤਾਰਨ ਦਾ ਵਡਾ ਪਰਉਪਕਾਰ ਕੀਤਾ। ਉਹਨਾਂ ਨੇ ਸ੍ਰੀ ਹਰਿਮੰਦਰ ਸਾਹਿਬ ਤੇ ਉਸ ਵਿਚ ਸਥਾਪਤ ਸ੍ਰੀ ਗੁਰੂ ਗਰੰਥ ਸਾਹਿਬ, ਦੋ ਅਜਿਹੇ ਜਹਾਜ਼ ਸਿਰਜੇ ਜੋ ਸਾਰੇ ਸੰਸਾਰ ਨੂੰ ਜੁਗਾਂ ਤਕ ਸਹਾਰਾ ਰੂਪ ਹੋ ਕੇ ਭੈ, ਪਾਪ ਤੇ ਸ਼ੋਕ ਸਮੁੰਦਰ ਤੋਂ ਪਾਰ ਕਰਦੇ ਰਹਿਣਗੇ । ਏਸੇ ਲਈ ਮਥਰਾ ਭਟ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸਵੱਈਏ ਵਿਚ ਜਹਾਜ਼ ਨਾਲ ਉਪਮਾ ਦਿਤੀ ਹੈ :—

ਸਤਿ ਰੂਪੁ ਸਤਿ ਨਾਮੁ ਸਤੁ
ਸੰਤੋਖੁ ਧਰਿਓ ਉਰਿ ॥
ਆਦਿ ਪੁਰਖਿ ਪਰਤਖਿ
ਲਿਖ੍ਹਉ ਅਛਰੁ ਮਸਤਕਿ ਧੁਰਿ ॥
ਪ੍ਰਗਟ ਜੋਤਿ ਜਗਮਗੈ
ਤੇਜ ਭੂਅ ਮੰਡਲਿ ਛਾਯਉ ॥
ਪਾਰਸੁ ਪਰਸਿ ਪਰਸੁ ਪਰਸਿ
ਗੁਰਿ ਗੁਰੂ ਕਹਾਯਉ ॥
ਭਨਿ ਮਥੁਰਾ ਮੂਰਤਿ ਸਦਾ
ਥਿਰੁ ਲਾਇਚਿਤੁ ਸਨਮੁਖ ਰਹਹੁ ॥
ਕਲਜੁਗਿ ਜਹਾਜੁ ਅਰਜੁਨੁ ਗੁਰੂ
ਸਗਲ ਸ੍ਰਿਸਟਿ ਲਗਿ ਬਿ ਤਰਹੁ ॥

ਭਾਵ ਇਹ ਕਿ ਸ੍ਰੀ ਗੁਰੂ ਅਰਜਨ ਦੇਵ ਜੀ, ਸਤਿ ਸਰੂਪ ਵਾਲੇ ਸਤਿਨਾਮੁ ਸਤਿ ਤੇ ਸੰਤੋਖ ਨੂੰ ਆਪਣੇ ਹਿਰਦੇ ਵਿਚ ਧਾਰਨ ਕਰਨ ਵਾਲੇ ਹਨ। ਸ੍ਰੀ ਨਿਰੰਕਾਰ ਜੀ ਨੇ ਆਪ ਦੇ ਮਥੇ ਉਤੇ ਧੁਰ ਤੋਂ ਹੀ ਉਪਰੋਕਤ ਗੁਣਾਂ ਸਪੰਨ ਹੋਣ ਦਾ ਲੇਖ ਲਿਖਿਆ ਹੈ। ਸ੍ਰੀ ਅਕਾਲ ਪੁਰਖ ਦੀ ਜੋਤ ਆਪ ਦੇ ਮੱਥੇ ਤੇ ਜਗਮਗ ਜਗਮਗ ਕਰ ਰਹੀ ਹੈ ਅਤੇ ਆਪ ਦਾ ਤੇਜ ਪਰਤਾਪ ਸਾਰੀ ਦੁਨੀਆਂ ਵਿਚ ਪਸਰਿਆ ਹੋਇਆ ਹੈ। ਆਪ ਆਪਣੇ ਪਾਰਸ ਰੂਪ ਗੁਰੂ ਸਤਿਗੁਰੂ ਜੀ ਤੋਂ ਆਤਮ-ਛੋਹ ਪਰਾਪਤ ਕਰਕੇ ਗੁਰੂ ਸਦਵਾ ਰਹੇ ਹਨ।

ਮਥਰਾ ਭੱਟ ਜੀ ਆਪਣੇ ਮਨ ਨੂੰ ਸਮਝਾਉਂਦੇ ਹੋਏ ਕਹਿੰਦੇ ਹਨ ਕਿ—ਹੇ ਮਨ ! ਤੂੰ ਅਜਿਹੇ ਗੁਣਾ ਵਾਲੇ ਜਿਸ ਸਤਿਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਆਪਣੀਆਂ ਅੱਖਾਂ ਨਾਲ ਕਰ ਰਿਹਾ ਹੈਂ, ਇਹਨਾਂ ਦੇ ਦਰਸ਼ਨ ਵਿਚ ਸਦਾ ਚਿਤ ਲਾ ਕੇ ਸਨਮੁਖ ਰਹੁ। ਭੱਟ ਜੀ ਸੰਸਾਰ ਵਾਸੀਆਂ ਨੂੰ ਹੋਕਾ ਦੇ ਕੇ ਕਹਿੰਦੇ ਹਨ ਕਿ ਹੇ ਦੁਨੀਆਂ ਦੇ ਜੀਵੋ ! ਕਲਜੁਗ ਵਿਚ ਪਾਪੀਆਂ ਨੂੰ ਤਾਰਨ ਵਾਲੇ ਸ੍ਰੀ ਗੁਰੂ ਅਰਜਨ ਦੇਵ ਜੀ ਜਹਾਜ਼ ਰੂਪ ਹਨ। ਇਹਨਾਂ ਦੇ ਚਰਨ ਪਰਸ ਕੇ ਤੇ ਉਪਦੇਸ਼ ਸੁਣ ਕੇ ਹੀ ਤੁਹਾਡਾ ਪਾਰ ਨਿਤਾਰਾ ਹੋਵੇਗਾ।

ਇਉਂ ਕਲਜੁਗ ਦੇ ਬੋਹਿਥ ਸ੍ਰੀ ਗੁਰੂ ਅਰਜਨ ਦੇਵ ਜੀ ਜੋ ਆਪ ਜਹਾਜ਼ ਰੂਪ ਸਨ ਤੇ ਜੀਵਾਂ ਦੇ ਉਧਾਰ ਲਈ ਜਿਨ੍ਹਾਂ ਨੇ ਆਪਣੀ ਅਣਥਕ ਘਾਲ ਦੁਆਰਾ ਸ੍ਰੀ ਗੁਰੂ ਗਰੰਥ ਸਾਹਿਬ ਰੂਪੀ ਜਹਾਜ਼ ਸਿਰਜਿਆ ਸੀ, ਉਸ ਵਿਚ ਆਪ ਨੇ ਸ੍ਰੀ ਅਕਾਲ

www.AKJ.Org

ਪੁਰਖ, ਸਤਿਗੁਰੂ ਗੁਰ-ਸੰਗਤ ਤੇ ਗੁਰ-ਸਿਖਾਂ ਦੀ ਸਿਫ਼ਤ ਕੀਤੀ ਹੈ। ਆਤਮਕ ਸਤਾ ਦੇ ਇਸ ਖਜ਼ਾਨੇ ਵਿਚ ਕੇਵਲ ਨਿਰੰਕਾਰੀ ਟਕਸਾਲੀ ਮੋਹਰਾਂ ਦਾ ਟਿਕਾਉ ਹੈ। ਸੱਚ ਤੇ ਝੂਠ ਨੂੰ ਇਥੇ ਕੋਈ ਥਾਂ ਨਹੀਂ। ਰਾਜਸੀ ਮਦ ਵਿਚ ਆਪਣੇ ਪੈਗੰਬਰਾਂ ਦੀ ਝੂਠੀ ਸਿਫਤ ਸ੍ਰੀ ਗੁਰੂ ਜੀ ਪਾਸੋਂ ਲਿਖਵਾਉਣੀ ਚਾਹੁੰਦੇ ਸਨ, ਜੋ ਸਤਿਗੁਰੂ ਜੀ ਨੇ ਨਾ ਕੀਤੀ, ਕਿਉਂਕਿ ਸਚ ਵਿਚ ਕੱਚ ਦਾ ਰਲਾ ਸਚ ਨੂੰ ਸਚ ਨਹੀਂ ਰਹਿਣ ਦੇਂਦਾ। ਨਾਲ ਹੀ ਇਹ ਬਾਣੀ ਸਤਿਗੁਰੂ ਸਾਹਿਬ ਦੇ ਹਿਰਦੇ ਵਿਚ ਸ੍ਰੀ ਅਕਾਲ ਪੁਰਖ ਜੀ ਵਲੋਂ ਰਖੀ ਗਈ ਸੀ, ਉਹ ਤਾਂ ਸਾਜ਼ਿੰਦੇ ਦੇ ਸਾਜ਼ ਵਾਂਗ ਲੋਕਾਂ ਦੀ ਸਮਝ ਗੋਚਰੀ ਕਰਨ ਦਾ ਇਕ ਵਸੀਲਾ ਸਨ, ਜੋ ਪਰਮਾਤਮਕ ਸਚਿਆ-ਈਆਂ ਨੂੰ ਆਪਣੇ ਨਿਜ਼ੀ ਤਜਰਬਿਆਂ ਦੀ ਗਵਾਹੀ ਨਾਲ ਪਰਗਟ ਕਰ ਰਹੇ ਸਨ। ਇਸ ਧੁਰ ਕੀ ਬਾਣੀ ਵਿਚ ਸੰਸਾਰੀ ਲੇਪ ਛੇਪ ਦੀ ਕੋਈ ਅੰਸ ਨਹੀਂ ਸੀ।

ਬਸ, ਫੇਰ ਕੀ ਸੀ ? ਰਾਜ ਮਦ ਵਿਚ ਆਫਰੇ ਹੋਏ ਜਹਾਂਗੀਰ ਨੇ ਸਤਿ ਸਰੂਪ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਆਪਣੇ ਪਾਸ ਬੁਲਾ ਲਿਆ ਤੇ ਹੁਕਮ ਦਿਤਾ ਕਿ ਗੁਰੂ ਦਾ ਘਰ ਬਾਹਰ ਜ਼ਬਤ ਕੀਤਾ ਜਾਏ ਤੇ ਇਨ੍ਹਾਂ ਨੂੰ ਤਸੀਹੇ ਦੇ ਕੇ ਕਤਲ ਕਰ ਦਿਤਾ ਜਾਏ। ਜਹਾਂਗੀਰ ਆਪਣੀ ਹਥੀਂ ਆਪਣੀ ਤੋਜ਼ਕ ਵਿਚ ਲਿਖਦਾ ਹੈ—

"ਮੁਦੱਤਯ ਬਖ਼ਾਤਰ ਮੇਂ ਗੁਜ਼ਸ਼ਤ ਕਿ ਈਂ ਦੋਕਾਨ ਬਾਤਲ ਰਾ ਬਰਤਰਫੀ ਬਾਇਦ ਸਾਖਤ ਯਾ ਓਰਾ ਦਰ ਜਿਰਗਾ ਅਹਿਲੇ ਇਸਲਾਮ ਦਰ ਬਾਇਦ ਆਵੁਰਦ।"

ਭਾਵ ਕਿ ਮੈਂ ਇਸ (ਗੁਰ ਗਦੀ) ਦੀ ਝੂਠੀ ਦੁਕਾਨ ਨੂੰ ਖਤਮ ਕਰਨਾ ਚਾਹੁੰਦਾ ਸਾਂ, (ਕਿਉਂਕਿ ਕਈ ਕੰਮ ਅਕਲ ਮੁਸਲਮਾਨ ਭੀ ਉਸ ਦੇ ਸਿਖ ਬਣ ਰਹੇ ਹਨ) ਮੈਂ ਚਾਹੁੰਦਾ ਸਾਂ ਕਿ ਇਹਨਾਂ ਨੂੰ ਯਾ ਮੁਸਲਮਾਨ ਬਣਾਇਆ ਜਾਏ ਯਾ ਇਸ ਦੁਕਾਨ ਨੂੰ ਉੱਕਾ ਬੰਦ ਕਰ ਦਿਤਾ ਜਾਏ।

ਅਤੇ ਇਸ ਦੁਕਾਨ ਨੂੰ ਬੰਦ ਕਰਨ ਭਾਵ ਕਿ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਖਤਮ ਕਰਨ ਲਈ ਅੱਗ ਤੱਤ ਨੂੰ ਸਹਾਇਕ ਚੁਣਿਆ ਗਿਆ। ਇਤਿ-ਹਾਸ ਗਵਾਹ ਹੈ ਕਿ ਜੇਠ ਦੀ ਕੜਕਦੀ ਗਰਮੀ ਵਿਚ ਸ਼ਾਂਤੀ, ਸੀਤਲਤਾ ਤੇ ਕੋਮਲਤਾ ਦੇ ਪੁੰਜ ਸ੍ਰੀ ਗੁਰੂ ਜੀ ਨੂੰ ਚਾਰ ਚੁਫੇਰਿਓਂ ਅੱਗ ਦੇ ਵਾਤਾਵਰਨ ਵਿਚ ਰਖ ਕੇ ਡੁਲਾਉਣਾ ਚਾਹਿਆ। ਆਪ ਨੂੰ ਤਪਦੀ ਲੋਹ ਉਤੇ ਬਿਠਾਲਿਆ ਗਿਆ ਅਤੇ ਸੀਸ ਪਰ ਸੜਦੀ ਰੇਤ ਦੇ ਕੜਛੇ ਪਾਏ ਗਏ। ਜਦ ਆਪ ਨੂੰ ਉਬਲਦੀ ਦੇਗ ਵਿਚ ਬੈਠਣ ਲਈ ਕਿਹਾ ਗਿਆ ਤਾਂ ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਦੇ ਕਥਨ ਅਨੁਸਾਰ—

ਤਬ ਸਤਿਗੁਰ ਉਠ ਆਪੇ ਗਏ।
ਤਪਤ ਨੀਰ ਮਹਿ ਬੈਠਤ ਭਏ।

ਗੁਰੂ ਜੀ ਉਬਲਦੇ ਪਾਣੀ ਵਿਚ ਬੈਠ ਗਏ। ਇਹ ਜ਼ੁਲਮ ਦੀ ਸਿਖਰ ਸੀ ਅਤੇ ਜਬਰ ਦੇ ਟਾਕਰੇ ਵਿਚ ਸਬਰ ਦੀ ਜਿਤ ਹੋ ਰਹੀ ਸੀ। ਵੇਖਣ ਵਾਲਿਆਂ ਦੇ ਖੂਨ ਖੌਲ ਰਹੇ ਸਨ। ਉਹ ਇਸ ਕਹਿਰ ਨੂੰ ਬਰਦਾਸ਼ਤ ਨਾ ਕਰ ਸਕੇ। ਭਾਈ ਪਿਰਾਣਾ, ਸੀਤਲਤਾ ਦੇ ਪੁੰਜ ਸਤਿਗੁਰੂ ਜੀ ਨੂੰ ਉਬਲਦੇ ਪਾਣੀ ਵਿਚ ਚੌਂਕੜਾ ਜਮਾਈ ਬੈਠਾ ਪਰ ਹਸੂੰ ਹਸੂੰ ਕਰਦੇ ਚਿਹਰੇ ਵਿਚੋਂ ਮੁਸਕਣੀਆਂ ਖਿਲਾਰਦਾ ਵੇਖ ਕੇ ਗੁਰੂ ਜੀ ਨੂੰ ਇਉਂ ਕਹਿਣ ਲਗਾ—


www.AKJ.Org

ਪ੍ਰਭ ਜੀ ! ਰਹਯੋ ਜਾਇ ਨਹਿ ਮੋ ਤੇ ।
ਰਾਵਰ ਕੇ ਏਤਿਕ ਦੁਖ ਹੋਤੇ ।
ਦਿੱਲੀ ਲਵਪੁਰ ਨਗਰ ਬਿਸਾਲੇ ।
ਅਬ ਲੇਵੋਂ ਨਿਜ ਹਾਥ ਉਠਾਲੇ ।
ਦਹਨਿ ਭਿਰਾਵੋਂ ਜਿਉ ਕਰ ਤਾਰੀ ।
ਦੋਉਂ ਨਾਸ ਕਰ ਲਗਹਿ ਨ ਬਾਰੀ ।
ਕਿਉਂ ਇਤਨੇ ਦੁਖ ਸੁਹਹੁ ਗੁਸਾਈ ?
ਦਿਹੁ ਸ਼ਾਰਤ ਮੁਖ ਕਹਹੁ ਨ ਕਾਈ ।

ਪਰ ਸਤਿਗੁਰੂ ਜੀ ਸਨ ਕਿ ਆਪਣੀ ਜ਼ਬਾਨ ਤੇ ਗੁਸਾ ਗਿਲਾ ਗੁਜ਼ਾਰੀ ਜਾਂ ਉਲਾਹਮੇ ਦੇ ਲਫ਼ਜ਼ ਲਿਆਉਣ ਦੀ ਥਾਂ ਭਾਣੇ ਵਿਚ ਸ਼ਾਕਰ ਤੇ ਰਜ਼ਾ ਵਿਚ ਰਾਜ਼ੀ ਗਾ ਰਹੇ ਸਨ :—

ਜੋ ਤੁਧੁ ਭਾਵੈ ਸੋ ਪਰਵਾਣੁ ॥
ਤੇਰੇ ਭਾਣੇ ਨੋ ਕੁਰਬਾਣੁ ॥

— — —

ਮੇਰੇ ਰਾਮ ਰਾਇ ਸੰਤਾ ਟੇਕ ਤੁਮ੍ਹਾਰੀ ॥
ਜੋ ਤੁਧੁ ਭਾਵੈ ਸੋ ਪਰਵਾਣੁ
ਮਨਿ ਤਨਿ ਤੂਹੈ ਅਧਾਰੀ ॥
ਤੇਰਾ ਕੀਆ ਮੀਠਾ ਲਾਗੈ ॥
ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ।

ਗੁਰੂ ਜੀ ਸੰਸਾਰ ਵਿਚ ਇਹ ਮਿਸਾਲ ਕਾਇਮ ਕਰਨੀ ਚਾਹੁੰਦੇ ਸਨ ਕਿ ਰੱਬ ਦੇ ਸੱਚੇ ਆਸ਼ਕ ਨੂੰ ਹਰ ਹਾਲਤ ਰੱਬ ਦੀ ਰਜਾ ਵਿਚ ਰਾਜੀ ਰਹਿਣਾ ਚਾਹੀਦਾ ਹੈ ਤੇ ਸਚ ਦੀ ਖਾਤਰ ਵਡੀ ਤੋਂ ਵਡੀ ਤਕਲੀਫ਼ ਨੂੰ ਵੀ ਪੂਰਨ ਜਰਾਂਦ ਨਾਲ ਬਰਦਾਸ਼ਤ ਕਰ ਕੇ ਮੂੰਹੋਂ ਕੋਈ ਉਲਾਹਮੇ ਦਾ ਸ਼ਬਦ ਨਹੀਂ ਕਹਿਣਾ ਚਾਹੀਦਾ । ਸਚੇ ਸਿਦਕ-ਵਾਨਾਂ ਲਈ ਇਹੋ ਉਚਿਤ ਹੈ। ਗੁਰੂ ਜੀ ਦਾ ਫੁਰਮਾਨ ਹੈ—

ਉਲਾਹਨੋ ਮੈ ਕਾਹੂ ਨ ਦੀਓ ॥
ਮਨ ਮੀਠਾ ਤੁਹਾਹੋ ਕੀਓ ॥੧॥ ਰਹਾਉ ॥
ਆਗਿਆ ਮਾਨਿ ਜਾਨਿ ਸੁਖੁ ਪਾਇਆ
ਸੁਨਿ ਸੁਨਿ ਨਾਮੁ ਤੁਹਾਰੋ ਜੀਓ ॥
ਈਹਾਂ ਊਹਾ ਹਰਿ ਤੁਮ ਹੀ ਤੁਮ ਹੀ
ਇਹੁ ਗੁਰ ਤੇ ਮੰਤ੍ਰੁ ਦ੍ਰਿੜੀਓ ॥ ੧ ॥
ਜਬ ਤੇ ਜਾਨਿ ਪਾਈ ਏਹ ਬਾਤਾ
ਤਬ ਕੁਸਲ ਖੇਮ ਸਭ ਥੀਓ ॥
ਸਾਧ ਸੰਗਤ ਨਾਨਕ ਪਰਗਾਸਿਓ
ਆਨ ਨਾਹੀ ਰੇ ਬੀਓ ॥ ੨ ॥

ਅਜਿਹੇ ਸੰਕਟ ਕਾਲ ਵਿਚ ਆਪ ਦਾ ਪਰਮਾਤਮਾ ਉਤੇ ਸਿਦਕ ਤੇ ਭਰੋਸਾ ਅਹਿਲ ਤੇ ਅਡੋਲ ਰੂਪ ਵਿਚ ਰਿਹਾ । ਆਪ ਲਗਾਤਾਰ 'ਤੂੰ-ਹੀ-ਤੂੰ ਹੀ' ਦੀ ਰੱਟ ਲਾ ਰਹੇ ਹਨ ਅਤੇ ਆਪਣੇ ਹੇਠ ਲਿਖੇ ਫੁਰਮਾਨ ਨੂੰ ਆਪਣੇ ਉਤੇ ਵਰਤਾ ਕੇ ਅਮਲੀ ਰੂਪ ਦੇ ਰਹੇ ਹਨ ।

ਜੇ ਸੁਖ ਦੇਹਿ ਤ ਤੁਝਹਿ ਅਰਾਧੀ
ਦੁਖਿ ਭੀ ਤੁਝੈ ਧਿਆਈ ॥......
ਤਨੁ ਮਨੁ ਕਾਟਿ ਕਾਟਿ ਸਭੁ ਅਰਪੀ
ਵਿਚਿ ਅਗਨੀ ਆਪੁ ਜਲਾਈ ॥

ਸਤਿਗੁਰੂ ਜੀ ਦਾ ਇਹ ਭਰੋਸਾ ਤੇ ਨਿਸਚਾ ਅੰਤ ਪਰਯੰਤ ਦ੍ਰਿੜ੍ਹ ਰਹਿਆ । ਆਪ ਨੇ ਸੱਚ, ਧਰਮ ਤੇ ਸਿਦਕ ਉਤੇ ਕਾਇਮ ਰਹਿਣ ਲਈ ਅਜਿਹੇ ਕਰੜੇ ਖੇਦ ਖਿੜੇ ਮਥੇ ਸਹਾਰਦਿਆਂ ਹੋਇਆਂ ਸ਼ਹੀਦ ਹੋਣਾ ਪਰਵਾਨ ਕਰ ਲਿਆ ਅਤੇ ਅਕਾਲ ਪੁਰਖ ਦਾ ਹੁਕਮ ਸਨਮੁਖ ਰਹਿ ਕੇ ਮੰਨਿਆ ।

ਕਲਜੁਗ ਦੇ ਜਹਾਜ਼, ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਅਜ ਦੇ ਪਦਾਰਥਵਾਦੀ, ਹਉਮੈ


www.AKJ.Org

ਵੇੜ੍ਹੇ ਤੇ ਆਫਰੇ ਹੋਏ ਸੰਸਾਰ ਨੂੰ ਧੀਰਜ, ਸ਼ਾਂਤੀ, ਪਿਆਰ, ਸਿਦਕ ਭਰੋਸੇ ਤੇ ਸ਼ਹਿਨਸ਼ੀਲਤਾ ਦਾ ਸੁਨੇਹਾ ਦੇਂਦੀ ਹੈ। ਜੋ—

ਮਾਣ ਹੋਦੇ ਹੋਇ ਨਿਮਾਣਾ।
ਹੋਦੇ ਤਾਣ ਹੋਇ ਨਿਤਾਣਾ॥

ਦਾ ਸੁਨੇਹਾ ਉਹਨਾਂ ਨੇ ਆਪਣੇ ਅਮਲੀ ਕਰਤਵਾਂ ਦੁਆਰਾ ਦਿਤਾ ਸੀ, ਉਹ ਮਾਨਵਤਾ ਨੂੰ ਨਾਸ ਕਰਨ ਦੇ ਆਹਰ ਵਿਚ ਲਗੇ ਹੋਏ ਦੇਸਾਂ ਲਈ ਅਜ ਵੀ ਪਥ-ਪਰਦਰਸ਼ਕ ਸਾਬਤ ਹੋ ਰਿਹਾ ਹੈ। ਵਰਤਮਾਨ ਸੰਸਾਰ ਜੰਗਬਾਜ਼ੀ ਦੀ ਦੌੜ ਵਿਚ ਨਸ਼ਈ ਹੋਇਆ ਹੈ। ਦੁਨੀਆਂ ਦੇ ਸਭਯ ਤੋਂ ਸਭਯ ਦੇਸ਼ਾਂ ਦੇ ਬਜਟਾਂ ਦਾ ਬਹੁੜਾ ਹਿਸਾ, ਫੌਜਾਂ ਦੀ ਗਿਣਤੀ ਵਧਾਉਣ, ਮਾਰੂ ਤੋਂ ਮਾਰੂ ਹਥਿਆਰ ਬਣਾਉਣ ਤੇ ਇਕ ਦੂਜੇ ਨੂੰ ਖ਼ਤਮ ਕਰਨ ਦੀ ਵੰਗਾਰ ਦੇਣ ਉਤੇ ਖਰਚ ਹੋ ਰਿਹਾ ਹੈ। ਡਰ ਹੈ ਕਿ ਜੇ ਦੁਨੀਆਂ ਦੇ ਕਿਸੇ ਕੋਨੇ ਵਿਚ ਜੰਗ ਦੀ ਇਹ ਚੁਆਤੀ ਲਗ ਗਈ ਤਾਂ ਉਹ ਦਿਨਾਂ ਵਿਚ ਹੀ ਇਕ ਭੜ-ਭੜਾਂਦਾ ਸ਼ੋਅਲਾ ਬਣ ਕੇ ਸਾਰੀ ਦੁਨੀਆਂ ਨੂੰ ਭਸਮਾਭੂਤ ਕਰ ਦੇਵੇਗੀ।

ਸੋ ਲੋੜ ਹੈ ਕਿ ਸਤਿਗੁਰੂ ਅਰਜਨ ਦੇਵ ਜੀ ਨੂੰ ਗੁਰ ਮੰਨਣ ਵਾਲੇ ਸਿਖ, ਇਸ ਵਧ ਰਹੀ ਨਾ-ਸਤਕਤਾ ਤੇ ਪਦਾਰਥਵਾਦ ਦੇ ਜ਼ਮਾਨੇ ਵਿਚ ਸਾਰੇ ਸੰਸਾਰ ਨੂੰ ਪ੍ਰੇਮ, ਪਿਆਰ, ਮੈਤਰੀ, ਸਾਂਤੀ, ਜ਼ਰਾਂਦ ਤੇ ਬਰਦਾਸ਼ਤ ਦਾ ਸੁਨੇਹਾ, ਗੁਰੂ ਜੀ ਦੀ ਸ਼ਹੀਦੀ ਦੀ ਮਿਸਾਲ ਰਾਹੀਂ ਦੇਣ। ਖਾਲਸਾ ਪੰਥੀ ਆਪ ਆਸਤਕਤਾ ਉਤੇ ਦ੍ਰਿੜ੍ਹ ਹੋ ਕੇ ਹੋਰ ਜਗਿਆਸੂਆਂ ਨੂੰ ਗੁਰੂ ਘਰ ਦਾ ਇਹ ਛਾਂਦਾ ਵਰਤਾਉਣ ਤਾਂ ਜੋ ਭਗਤ ਜਲੰਦਾ, ਹਉਮੈ ਤੇ ਵੈਰ ਭਾਵ ਦਾ ਤਿਆਗ ਕਰਕੇ ਪਿਆਰ ਤੇ ਸ਼ਾਂਤੀ ਦਾ ਰਾਹ ਫੜੇ ਤੇ ਤਰਾਹੀ ਹੋਈ ਮਾਨਵਤਾ ਨੂੰ ਸੁਖ ਦਾ ਸਾਹ ਦੇ ਵਾਰਸ ਆਵੇ। ਕਲਜੁਗ ਦੇ ਜਹਾਜ਼ ਸ੍ਰੀ ਗੁਰੂ ਅਰਜਨ ਦੇਵ ਜੀ, ਆਪ ਸਾਰੇ ਸੰਸਾਰ ਉਤੇ ਦਇਆ ਧਾਰਕੇ ਜੀਵਾਂ ਨੂੰ ਸਿਧੇ ਮਾਰਗ ਉਤੇ ਪਾਉਣ ਦੀ ਕਿਰਪਾ ਕਰਨ, ਇਹ ਸੇਵਕ ਦੀ ਅਰਜ਼ੋਈ ਹੈ।

———


## ਸਰਬ ਲੋਹ ਦੇ ਭਾਂਡੇ

ਆਪ ਨੂੰ ਸਰਬ ਲੋਹ ਦੇ ਭਾਂਡਿਆਂ ਦੀ ਲੋੜ ਹੋਵੇ ਤਾਂ ਹੇਠ ਲਿਖੇ ਪਤੇ ਤੇ ਚਿੱਠੀ ਪੱਤਰ ਕਰੋ। ਅਸੀਂ ਹਰ ਕਿਸਮ ਦੇ ਸਰਬ ਲੋਹ ਦੇ ਭਾਂਡੇ ਤਿਆਰ ਕਰਦੇ ਹਾਂ।

ਮਿਸਤਰੀ ਉਜਾਗਰ ਸਿੰਘ,
ਮਹੱਲਾ ਲੁਹਾਰਾਂ,
ਪਿੰਡ ਤੇ ਡਾਕਖਾਨਾ ਘੜੂਆਂ, ਤਸੀਲ ਖਰੜ,
ਜ਼ਿਲਾ ਰੋਪੜ।




www.AKJ.Org

# ਪੂਰਬ ਕਰਮ ਅੰਕੁਰ ਜਬ ਪ੍ਰਗਟੇ

(ਪ੍ਰੋ: ਹਰਬੰਸ ਸਿੰਘ ਜੀ)

"ਭਾਈ ਸਾਹਿਬ ਮੁਝੇ ਆਬੇ-ਹਯਾਤ ਕਬ ਮਿਲੇਗਾ ? ਮੁਝੇ ਅੰਮ੍ਰਿਤ ਕਬ ਮਿਲੇਗਾ ?" ਗੁਲਾਮ ਮੁਹੰਮਦ ਨੇ ਇਕ ਦਿਨ ਉਤਾਵਲੇ ਹੋ ਕੇ ਪੁਛਿਆ। ਸਿੰਘ ਸਾਹਿਬ ਨੇ ਕਿਹਾ ਕਿ ਏਨੇ ਉਤਾਵਲੇ ਨਾ ਹੋਵੋ, ਅਰਦਾਸ ਕਰੀ ਜਾਓ, ਜਦੋਂ ਸਤਿਗੁਰ ਦੀ ਬਖਸ਼ਸ਼ ਹੋਵੇਗੀ ਗੁਰੂ ਘਰੋਂ ਅੰਮ੍ਰਿਤ ਦੀ ਦਾਤ ਮਿਲ ਜਾਵੇਗੀ।

ਜ਼ਿਦਗੀ ਦੇ ਚੱਕਰ ਅਨੁਸਾਰ ਸਿੰਘ ਸਾਹਿਬ ਸਨ ੧੯੩੦ ਈਸਵੀ ਦੇ ਚੜ੍ਹਦੇ ਸਿਆਲ ਫਿਰ ਆਪਣੇ ਐਸ. ਡੀ. ਓ. (S. D. O.) ਚਾਚਾ ਜੀ ਪਾਸ ਬਰਮਾ ਦੇਸ਼ ਦੇ ਮਰਗੋਈ ਸ਼ਹਿਰ ਪੁਜ ਗਏ। ਐਸ. ਡੀ. ਓ. ਸਾਹਿਬ ਨੇ ਸਿੰਘ ਸਾਹਿਬ ਨੂੰ ਮਰਗੋਈ ਬੰਦਰਗਾਹ ਦੀ ਗੋਦੀ ਵਿੱਚ ਸੁਪਰਵਾਈਜ਼ਰ ਲਗਾ ਦਿਤਾ। ਸਿੰਘ ਸਾਹਿਬ ਆਪਣੀ ਡਿਊਟੀ ਤੇ ਪਹੁੰਚ ਕੇ ਕਾਰੀਗਰਾਂ ਅਤੇ ਕਾਮਿਆਂ ਨੂੰ ਕੰਮ ਸਮਝਾ ਦਿੰਦੇ ਅਤੇ ਆਪ ਸਮੁੰਦਰ ਦੇ ਕਿਨਾਰੇ ਦਰਖਤਾਂ ਦੇ ਝੁੰਡ ਵਿਚ ਨਵੇਕਲੇ ਹੋ ਕੇ ਬਹਿ ਜਾਂਦੇ ਅਰ "ਸਚੀ ਕਾਰੇ" (ਨਾਮ ਸਿਮਰਨ) ਵਿਚ ਜੁਟ ਜਾਂਦੇ। ਲੋਕਾਂ ਨਾਲ ਘਟ ਤੋਂ ਘਟ ਗਲ ਕਰਦੇ, ਥੋਹੜੀ ਬੋਲ ਚਾਲ ਵਿਚ ਹੀ ਸਭ ਕੁਝ ਸਮਝਾ ਦਿੰਦੇ। ਉਨ੍ਹਾਂ ਨੇ ਆਦਮੀਆਂ ਨੂੰ ਕਹਿ ਰਖਿਆ ਸੀ ਕਿ ਉਨ੍ਹਾਂ ਨੂੰ ਬੇਲੋੜਾ ਨਾ ਬੁਲਾਇਆ ਜਾਏ, ਜਦੋਂ ਕਦੇ ਉਨ੍ਹਾਂ ਨੂੰ ਲੋੜ ਪਵੇ ਤਾਂ ਬਜਾਏ ਝਿੜੀ ਵਿਚ ਜਾਣ ਦੇ ਉੱਚੀ ਦੇਣੀ 'ਭਾਈ ਸਾਹਿਬ' ਕਹਿ ਕੇ ਆਵਾਜ਼ ਦੇ ਦਿਤੀ ਜਾਵੇ।

ਕਾਮੇ ਬੜੇ ਸਾਊ ਸਨ। ਸਿੰਘ ਸਾਹਿਬ ਵਲੋਂ ਦਿੱਤੀਆਂ ਹਦਾਇਤਾਂ ਅਨੁਸਾਰ ਕੰਮ ਕਰਦੇ ਰਹਿੰਦੇ ਅਤੇ ਜਦ ਕਦੇ ਲੋੜ ਪੈਂਦੀ ਤਾਂ ਉੱਚੀ ਦੇਣੀ 'ਭਾਈ ਸਾਹਿਬ' ਕਹਿ ਕੇ ਆਵਾਜ਼ ਦਿੰਦੇ। ਸਿੰਘ ਸਾਹਿਬ ਆ ਕੇ ਕੰਮ ਕਾਰ ਦੇਖ ਜਾਂਦੇ ਅਤੇ ਮੁੜ ਝਿੜੀ (ਦਰਖਤਾਂ ਦਾ ਝੁੰਡ) ਵਿਚ ਜਾ ਕੇ 'ਸਚੀ ਕਾਰੇ' ਜੁਟ ਜਾਂਦੇ।

ਉਨ੍ਹਾਂ ਹੀ ਦਿਨਾਂ ਵਿਚ ਗੁਲਾਮ ਮੁਹੰਮਦ ਨਾਂ ਦਾ ਬਰਮੀ ਮੁਸਲਮਾਨਾਂ ਦਾ ਮੁੰਡਾ ਓਵਰਸੀਅਰੀ ਦਾ ਕੋਰਸ ਕਰਕੇ ਟਰੇਨਿੰਗ ਵਾਸਤੇ ਉਸੇ ਹੀ ਗੋਦੀ ਵਿਚ ਆਇਆ ਹੋਇਆ ਸੀ। ਕੁਦਰਤ ਵਲੋਂ ਉਸ ਦਾ ਸੁਭਾ ਭੀ ਬਹੁਤ ਬੋਲਣ ਤੋਂ ਸੰਕੋਚ ਕਰਨ ਦਾ ਸੀ। ਉਹ ਭੀ ਕਾਮਿਆਂ ਨਾਲ ਬਹੁਤੀ ਗਲ ਬਾਤ ਨਾ ਕਰਦਾ ਅਤੇ ਆਪਣੇ ਰੰਗ ਵਿਚ ਹੀ ਮਸਤ ਰਹਿੰਦਾ।

ਸਿੰਘ ਸਾਹਿਬ ਆਪਣੇ ਚਾਚਾ ਜੀ ਦੀ ਕੋਠੀ ਵਿਚ ਰਹਿੰਦੇ ਸਨ ਤੇ ਕੰਮ ਤੇ ਪੈਦਲ ਹੀ ਜਾਂਦੇ ਸਨ ਜਿਹੜਾ ਕਿ ਢਾਈ ਕੁ ਮੀਲ ਦਾ ਪੈਂਡਾ ਸੀ। ਰਸਤੇ ਵਿਚ ਗੁਲਾਮ ਮੁਹੰਮਦ ਭੀ ਸਿੰਘ ਸਾਹਿਬ ਨਾਲ ਰਲ ਜਾਂਦਾ ਅਤੇ ਕਦੀ ਕਦਾਈਂ ਕੋਈ ਗਲਬਾਤ ਪੁੱਛ ਗਿਛ ਲੈਂਦਾ।

ਇਕ ਦਿਨ ਗੁਲਾਮ ਮੁਹੰਮਦ ਨੇ ਸਿੰਘ ਸਾਹਿਬ ਨੂੰ ਪੁਛਿਆ, "ਭਾਈ ਸਾਹਿਬ ! ਆਪ ਅਕੇਲੇ ਜਾਕਰ ਦਰਖਤੋਂ ਕੇ ਝੁੰਡ ਮੇਂ ਬੈਠ ਜਾਤੇ ਹੈਂ, ਆਪ ਕੋ ਡਰ ਨਹੀਂ ਲਗਤਾ, ਵਹਾਂ ਤੋਂ ਸਾਂਪ ਸਪੋਲੀਏ ਬਹੁਤ ਰਹਿਤੇ ਹੋਂਗੇ ?"......"ਮੈਂ ਨੇ ਤੋ ਕੋਈ ਸਾਂਪ ਦੇਖਾ ਨਹੀਂ ਯਹਾਂ ਆ ਕਰ। ਏਕ ਦਿਨ ਰਸਤੇ ਮੇਂ ਆਤੇ ਹੂਏ ਏਕ ਦੇਖਾ



www.AKJ.Org

ਥਾਂ, ਵੋਹ ਭੀ ਮਰਾ ਹੂਆ। ਕਰੀਮ ਬਖਸ਼ ਮੇਰੇ ਆਗੇ ਥਾ ਉਸ ਨੇ ਸਾਂਪ ਦੇਖਤੇ ਹੀ ਮਾਰ ਦੀਆ ਥਾ।'' ਸਿੰਘ ਸਾਹਿਬ ਨੇ ਉੱਤਰ ਦਿਤਾ। 'ਆਪ ਕਾ ਅਕੇਲੇ ਵਹਾਂ ਦਿਲ ਕੈਸੇ ਲਗਤਾ ਹੈ?' ਗੁਲਾਮ ਮੁਹੰਮਦ ਨੇ ਫਿਰ ਪੁਛਿਆ। 'ਵੋਹ ਬਹੁਤ ਅੱਛੀ ਜਗਾ ਹੈ, ਅਲਗ ਥਲੱਗ ਹੈ, ਵਹਾਂ ਪਰ ਠੰਡ ਹੈ, ਸ਼ਾਂਤੀ ਹੈ, ਦਿਲ ਬਹੁਤ ਲਗਤਾ ਹੈ,' ਸਿੰਘ ਸਾਹਿਬ ਨੇ ਇਉਂ ਉੱਤਰ ਦਿਤਾ। 'ਭਾਈ ਸਾਹਿਬ! ਫਿਰ ਵਹਾਂ ਆਪ ਕਰਤੇ ਕਿਆ ਹੈਂ?' ਗੁਲਾਮ ਮੁਹੰਮਦ ਨੇ ਫਿਰ ਪ੍ਰਸ਼ਨ ਕੀਤਾ। 'ਅੱਲਾ ਕਾ ਨਾਮ ਲੇਤੇ ਹੈਂ। 'ਤੁਮ ਭੀ ਲੀਆ ਕਰੋ।' ਸਿੰਘ ਸਾਹਿਬ ਬੋਲੇ। 'ਹਰ ਵਕਤ ਅਲਾ ਕਾ ਨਾਮ ਲੇਤੇ ਰਹਿਤੇ ਹੋ?' ਗੁਲਾਮ ਮੁਹੰਮਦ ਨੇ ਹੈਰਾਨ ਹੋ ਕੇ ਪੁਛਿਆ। ਸਿੰਘ ਸਾਹਿਬ ਦਾ ਉੱਤਰ ਹਾਂ ਵਿਚ ਸੀ।

ਸਿੰਘ ਸਾਹਿਬ ਤੇ ਗੁਲਾਮ ਮੁਹੰਮਦ ਰਾਹੇ ਰਾਹ ਸ਼ਾਮ ਨੂੰ ਵਾਪਸ ਘਰ ਜਾ ਰਹੇ ਸਨ। ਥੋਹੜੀ ਦੇਰ ਸੋਚਣ ਤੋਂ ਬਾਦ ਗੁਲਾਮ ਮੁਹੰਮਦ ਬੋਲਿਆ, 'ਭਾਈ ਸਾਹਿਬ! ਅਲਾ ਕਾ ਨਾਮ ਕੈਸੇ ਲੀਆ ਜਾਏ? ਹਮ ਕੋ ਇਸ ਕੇ ਬਾਰੇ ਕੁਛ ਪਤਾ ਨਹੀਂ?' 'ਆਪ ਕੋ ਮਸਜਦ ਮੇਂ ਕੋਈ ਬਤਾਤਾ ਨਹੀਂ?' ਸਿੰਘ ਸਾਹਿਬ ਨੇ ਪੁਛਿਆ। 'ਹਮ ਕੋ ਤੋ ਕਿਸੀ ਨੇ ਨਹੀਂ ਬਤਾਇਆ,' ਗੁਲਾਮ ਮੁਹੰਮਦ ਨੇ ਕਹਿਆ, ਅਤੇ ਫੇਰ ਤਰਲਾ ਕੀਤਾ, 'ਆਪ ਹਮੇਂ ਬਤਾ ਦੋ ਨਾ।' 'ਜਬ ਕੋਈ ਮੁਸਲਮਾਨ ਮਰੇਗਾ ਤੋ ਤੁਮ ਕੋ ਬਤਲਾਏਂਗੇ।' ਸਿੰਘ ਸਾਹਿਬ ਨੇ ਗੁਲਾਮ ਮੁਹੰਮਦ ਨੂੰ ਕਿਹਾ, ''ਅਜੀ ਕਬ ਕੋਈ ਮੁਸਲਮਾਨ ਮਰੇ ਔਰ ਕਬ ਮੁਝੇ ਪਤਾ ਲਗੇ। ਮੁਝੇ ਤੋ ਅਭੀ ਬਤਾਉ'' ਗੁਲਾਮ ਮੁਹੰਮਦ ਨੇ ਪੁੱਛਣ ਲਈ ਜਿਦ ਕੀਤੀ। ''ਗੁਲਾਮ ਮੁਹੰਮਦ! ਇਤਨੀ ਜਲਦੀ ਮੇਂ ਨਾ ਆਉ। ਮਰਗੋਈ ਬਹੁਤ ਬੜਾ ਸਹਿਰ ਹੈ ਜਿਸ ਮੇਂ ਜ਼ਿਆਦਾ ਤਰ ਆਬਾਦੀ ਮੁਸਲਮਾਨੋਂ ਕੀ ਹੈ। ਅੱਲਾ ਕੇ ਹੁਕਮ ਮੁਤਾਬਕ ਲੋਗ ਜਨਮ ਲੇਤੇ ਔਰ ਮਰਤੇ ਰਹਿਤੇ ਹੈਂ। ਜਬ ਕੋਈ ਜਨਾਜ਼ਾ ਨਿਕਲੇਗਾ ਤੋ ਤੁਮਹੇਂ ਸਬ ਪਤਾ ਲਗ ਜਾਏਗਾ,'' ਸਿੰਘ ਸਾਹਿਬ ਨੇ ਤਸੱਲੀ ਦਿੱਤੀ।

ਕੁਦਰਤ ਦੇ ਭਾਣੇ ਅਨੁਸਾਰ ਦੂਜੇ ਦਿਨ ਸਿੰਘ ਸਾਹਿਬ ਹੋਰਾਂ ਦੇ ਗੁਆਂਢ ਇਕ ਬੁੱਢੀ ਮੁਸਲਮਾਨ ਇਸਤ੍ਰੀ ਚੜ੍ਹਾਈ ਕਰ ਗਈ। ਸ਼ਾਮ ਨੂੰ ਜਦੋਂ ਸਿੰਘ ਸਾਹਿਬ ਅਤੇ ਗੁਲਾਮ ਮੁਹੰਮਦ ਕੰਮ ਤੋਂ ਵਾਪਸ ਆਏ ਤਾਂ ਸਿੰਘ ਸਾਹਿਬ ਨੇ ਗੁਲਾਮ ਮੁਹੰਮਦ ਨੂੰ ਕਹਿਆ, ''ਲੈ ਭਈ ਗੁਲਾਮ ਮੁਹੰਮਦ! ਤੁਮਹਾਰਾ ਕਾਮ ਬਨ ਗਿਆ। ਅਭੀ ਵਹਾਂ ਪਰ ਆਪ ਕੇ ਮੁਸਲਮਾਨ ਭਾਈ ਇਕੱਠੇ ਹੋਂਗੇ। ਤੁਮ ਭੀ ਵਹਾਂ ਚਲੇ ਜਾਨਾ, ਔਰ ਜੈਸੇ ਵੋਹ ਕਰੇਂਗੇ ਤੁਮ ਭੀ ਵੈਸੇ ਹੀ ਕਰਨਾ।''

ਰਾਤ ਨੂੰ ਜਦੋਂ ਜਨਾਜ਼ੇ ਵਾਲੇ ਘਰ ਇਕੱਠ ਹੋਇਆ ਤਾਂ ਗੁਲਾਮ ਮੁਹੰਮਦ ਭੀ ਉਥੇ ਜਾ ਬੈਠਾ। ਇਕੱਠੇ ਹੋਏ ਲੋਕਾਂ ਨੇ ''ਹਿੱਲ-ਲਿੱਲਾ' ਦਾ ਜਾਪ ਸ਼ੁਰੂ ਕਰ ਦਿੱਤਾ। ਜਦੋਂ ਸਾਹ ਥੱਲੇ ਨੂੰ ਜਾਂਦਾ ਤਾਂ 'ਹਿੱਲ' ਅਤੇ ਜਦੋਂ ਸਾਹ ਉਪਰ ਨੂੰ ਆਉਂਦਾ ਤਾਂ 'ਲਿੱਲਾ' ਕਹਿੰਦੇ। ਇਹ ਜਾਪ ਐਨ ਉਸੇ ਹੀ ਤਰ੍ਹਾਂ ਸੀ ਜਿਵੇਂ 'ਵਾਹਗੁਰੂ' ਜਾਪ ਲਈ ਸਵਾਸਾਂ ਦੇ ਹੇਠ ਜਾਣ ਤੇ 'ਵਾਹ' ਅਤੇ ਸਵਾਸਾਂ ਦੇ ਉਤੇ ਜਾਣ ਤੇ 'ਗੁਰ' ਦਾ ਅਲਾਪ ਕੀਤਾ ਜਾਂਦਾ ਹੈ।

ਗੁਲਾਮ ਮੁਹੰਮਦ ਨੇ ਭੀ ਦੇਖਾ ਦੇਖੀ ਉਸੇ ਹੀ ਤਰ੍ਹਾਂ 'ਹਿੱਲ-ਲਿੱਲਾ' ਦਾ ਜਾਪ ਸ਼ੁਰੂ ਕਰ ਦਿੱਤਾ। ਕੋਈ ਪੌਣਾ ਘੰਟਾ ਇਹ ਜਾਪ ਹੁੰਦਾ ਰਿਹਾ। ਗੁਲਾਮ ਮੁਹੰਮਦ ਨੇ ਇਸ ਜਾਪ ਵਿਚ ਇਕ ਅਨੋਖਾ ਜਿਹਾ ਅਨੰਦ ਮਹਿਸੂਸ ਕੀਤਾ।

ਉਸ ਦਿਨ ਤੋਂ ਬਾਦ ਗੁਲਾਮ ਮੁਹੰਮਦ 'ਹਿੱਲ-ਲਿੱਲਾ' ਦਾ ਜਾਪ ਕਰਨ ਦੇ ਯਤਨਾਂ ਵਿੱਚ ਜੁਟ ਗਿਆ। ਉਸ ਦੇ ਮਨ ਵਿਚ ਸਿੰਘ ਸਾਹਿਬ ਦੇ ਸਿਮਰਨ ਨੂੰ ਸਮਝਣ ਲਈ ਭੀ



www.AKJ.Org

ਸ਼ੌਕ ਪੈਦਾ ਹੋ ਗਿਆ। ਇਨ੍ਹਾਂ ਹੀ ਯਤਨਾਂ ਵਿਚ ਪੈ ਗਿਆ ਕਿ ਸਿੰਘ ਸਾਹਿਬ ਵਾਲੇ ਜਾਪ ਦੀ ਸੂਹ ਕਢੀ ਜਾਏ।

ਸਿੰਘ ਸਾਹਿਬ ਗੁਰੂ ਕਿਰਪਾ ਅਨੁਸਾਰ ਅੰਮ੍ਰਿਤ ਵੇਲੇ ਉਠਦੇ, ਇਸ਼ਨਾਨ ਕਰਕੇ ਆਪਣੇ ਕਮਰੇ ਅੰਦਰ ਚਲੇ ਜਾਂਦੇ ਅਤੇ ਬੂਹੇ ਦਾ ਕੁੰਡਾ ਲਗਾ ਕੇ ਚੌਕੜਾ ਮਾਰ ਸੁਰਤੀ ਟਿਕਾ ਕੇ ਬੈਠ ਜਾਂਦੇ ਅਰ ਗੁਰਮੰਤਰ ਦਾ ਜਾਪ ਕਰਦੇ। ਪਹੁ ਫੁਟਾਲਾ ਹੋਣ ਦੇ ਕਰੀਬ ਨਿਤਨੇਮ ਦਾ ਪਾਠ ਅਰੰਭ ਦਿੰਦੇ। ਪਾਠ ਤੋਂ ਬਾਦ ਅਰਦਾਸ ਕਰਦੇ। ਏਨੇ ਨੂੰ ਖਾਣਾ ਤਿਆਰ ਹੋ ਜਾਂਦਾ। ਖਾਣਾ ਖਾ ਕੇ ਕੰਮ ਲਈ ਤੁਰ ਪੈਂਦੇ।

ਇਕ ਦਿਨ ਗੁਲਾਮ ਮੁਹੰਮਦ ਸਵੱਖਤੇ ਹੀ ਸਿੰਘ ਸਾਹਿਬ ਦੇ ਕਮਰੇ ਅੱਗੇ ਆ ਬੈਠਾ ਅਤੇ ਬੜੀ ਉਤਸੁਕਤਾ ਨਾਲ ਬੂਹੇ ਦੀਆਂ ਝੀਤਾਂ ਥਾਣੀਂ ਦੇਖਣ ਲੱਗਾ ਕਿ ਸਿੰਘ ਸਾਹਿਬ ਅੰਦਰ ਕੀ ਕਰਦੇ ਹਨ। ਉਸ ਦਿਨ ਸਿੰਘ ਸਾਹਿਬ ਅੰਦਰੋਂ ਕੁੰਡਾ ਲਾਉਣਾ ਭੁੱਲ ਗਏ ਸਨ, ਜਿਸ ਕਾਰਨ ਦੋਨਾਂ ਬੂਹਿਆਂ ਵਿਚਕਾਰ ਚੋਖੀ ਵਿੱਥ ਹੋ ਗਈ ਸੀ। ਜਦ ਗੁਲਾਮ ਮੁਹੰਮਦ ਨੇ ਉਸ ਵਿੱਥ ਵਿਚੀਂ ਸਿੰਘ ਸਾਹਿਬ ਨੂੰ ਨਾਮ ਜਪਦਿਆਂ ਵੇਖਿਆ ਤਾਂ ਉਸ ਨੂੰ ਸਿੰਘ ਸਾਹਿਬ ਦੇ ਚਿਹਰੇ ਤੇ ਨੂਰ ਟਪਕਦਾ ਭਾਸਿਆ। ਅਗੰਮੀ ਨੂਰ ਨੂੰ ਚੰਗੀ ਤਰ੍ਹਾਂ ਵੇਖਣ ਲਈ ਉਹ ਕੁਰਸੀ ਤੋਂ ਉਠ ਕੇ ਬੂਹੇ ਅੱਗੇ ਫ਼ਰਸ਼ ਤੇ ਹੀ ਬਹਿ ਗਿਆ। ਸਿੰਘ ਸਾਹਿਬ ਦੀ ਚਾਚੀ ਜੀ ਨੇ ਗੁਲਾਮ ਮੁਹੰਮਦ ਨੂੰ ਕੁਰਸੀ ਤੇ ਬੈਠਣ ਲਈ ਕਿਹਾ ਪਰ ਉਹ ਆਪਣੇ ਕਪੜਿਆਂ ਦੀ ਪਰਵਾਹ ਨਾ ਕਰਦਾ ਹੋਇਆ ਫ਼ਰਸ਼ ਤੇ ਹੀ ਬੈਠਾ ਰਿਹਾ। ਉਸ ਨੇ ਮਲਕੜੇ ਜਿਹੇ ਬੂਹੇ ਨੂੰ ਧਕ ਕੇ ਵਿਰਲ ਥੋਹੜੀ ਹੋਰ ਕਰ ਲਈ ਅਤੇ ਸਿੰਘ ਸਾਹਿਬ ਦੇ ਚੇਹਰੇ ਵਲ ਟਿਕਟਕੀ ਲਗਾ ਕੇ ਬੈਠਾ ਰਿਹਾ।

'ਵਾਹ-ਗੁਰ,' 'ਵਾਹ-ਗੁਰ' ਦੀ ਮੱਧਮ ਜੇਹੀ ਆਵਾਜ਼ ਗੁਲਾਮ ਮੁਹੰਮਦ ਦੇ ਕੰਨੀਂ ਪੈਂਦੀ ਰਹੀ ਅਤੇ ਉਹ ਮੁਗਧ ਹੋ ਕੇ ਬੈਠਾ ਰਿਹਾ। ਕੁਛ ਦੇਰ ਬਾਦ ਸਿੰਘ ਸਾਹਿਬ ਨੇ ਨੈਣ ਖੋਹਲੇ। ਜਦ ਬੂਹੇ ਦੀ ਚਿਟਕਣੀ ਖੁਲ੍ਹੀ ਦੇਖੀ ਤਾਂ ਉਠ ਕੇ ਚਿਟਕਣੀ ਲਗਾ ਦਿਤੀ ਅਤੇ ਨਿੱਤਨੇਮ ਦੇ ਪਾਠ ਵਿਚ ਜੁਟ ਗਏ। ਪਾਠ ਤੋਂ ਉਪਰੰਤ ਅਰਦਾਸ ਕੀਤੀ ਅਤੇ ਬੂਹਾ ਖੋਲ੍ਹ ਕੇ ਬਾਹਰ ਆ ਗਏ। ਗੁਲਾਮ ਮੁਹੰਮਦ ਬੂਹੇ ਦੀ ਆਵਾਜ਼ ਸੁਣਦੇ ਹੀ ਇਕ ਦਮ ਕੁਰਸੀ ਤੇ ਜਾ ਬੈਠਾ ਸੀ।

ਉਸ ਦਿਨ ਤੋਂ ਗੁਲਾਮ ਮੁਹੰਮਦ ਨੇ 'ਇਲ-ਲਿੱਲਾ' ਦੀ ਥਾਂ 'ਵਾਹੁ-ਗੁਰ' ਦਾ ਜਾਪ ਅਪਣਾ ਲਿਆ ਅਤੇ ਗੁਰਮਤਿ ਵਲ ਡਾਢਾ ਪ੍ਰੇਰਿਆ ਗਿਆ। ਉਸ ਨੇ ਸਿੰਘ ਸਾਹਿਬ ਨੂੰ ਅੰਗਰੇਜ਼ੀ ਵਿਚ ਨਿੱਤਨੇਮ ਦੀ ਪੁਸਤਕ ਦੇਣ ਲਈ ਬੇਨਤੀ ਕੀਤੀ ਕਿਉਂ ਜੋ ਉਹ ਪੰਜਾਬੀ ਜਾਂ ਉਰਦੂ ਨਹੀਂ ਜਾਣਦਾ ਸੀ। ਨਿੱਤਨੇਮ ਦੀ ਪੁਸਤਕ ਤਾਂ ਸਿੰਘ ਸਾਹਿਬ ਨੂੰ ਮਿਲੀ ਨਾ ਪਰ ਅੰਗਰੇਜ਼ੀ ਵਿਚ 'ਸਿੱਖ ਇਤਿ-ਹਾਸ' ਦੀ ਇਕ ਪੁਸਤਕ ਉਨ੍ਹਾਂ ਨੂੰ ਆਪਣੇ ਚਾਚਾ ਜੀ ਪਾਸੋਂ ਮਿਲ ਗਈ ਜਿਹੜੀ ਕਿ ਗਲਾਮ ਮੁਹੰਮਦ ਨੂੰ ਦੇ ਦਿਤੀ ਗਈ।

ਗੁਲਾਮ ਮੁਹੰਮਦ ਨੇ ਸਿਖ ਇਤਿਹਾਸ ਬੜੇ ਗਹੁ ਨਾਲ ਪੜ੍ਹਨਾ ਸੁਰੂ ਕਰ ਦਿਤਾ। ਸਵੇਰ ਸ਼ਾਮ ਕੰਮ ਤੇ ਜਾਂਦੇ ਆਉਂਦੇ ਸਿੰਘ ਸਾਹਿਬ ਨਾਲ ਗਲਬਾਤ ਹੁੰਦੀ ਰਹਿੰਦੀ। ਗੁਲਾਮ ਮੁਹੰਮਦ ਦੀ ਸਿੱਖ ਧਰਮ ਵਿਚ ਰੁਚੀ ਦਿਨੋ ਦਿਨ ਵਧਦੀ ਗਈ। ਕੁਝ ਦਿਨਾਂ ਬਾਦ ਉਸ ਨੂੰ ਅੰਗਰੇਜ਼ੀ ਵਿਚ ਜਪੁਜੀ ਸਾਹਿਬ ਦੀ ਪੁਸਤਕ ਭੀ ਮਿਲ ਗਈ ਜਿਸ ਨੂੰ ਕਿ ਉਸ ਨੇ ਰਟਣਾ ਸ਼ੁਰੂ ਕਰ ਦਿੱਤਾ।

ਗੁਲਾਮ ਮੁਹੰਮਦ ਹਫਤੇ ਵਿਚ ਜੁਮੇ ਵਾਲੇ ਦਿਨ ਨਮਾਜ਼ ਪੜ੍ਹਨ ਮਸੀਤੇ ਜਾਇਆ ਕਰਦਾ ਸੀ। ਹੁਣ ਉਸ ਨੇ ਮਸੀਤੇ ਜਾਣਾ ਛੱਡ ਦਿੱਤਾ ਸੀ। ਉਹ ਜਪੁਜੀ ਸਾਹਿਬ ਦਾ ਪਾਠ ਕਰਦਾ, ਵਾਹੁ-ਗੁਰ ਵਾਹ-ਗੁਰ ਜਪਦਾ, ਸਿੱਖ ਇਤਿਹਾਸ ਪੜ੍ਹਦਾ ਅਤੇ ਸਿੰਘ ਸਾਹਿਬ ਦੀ ਸੰਗਤਿ



www.AKJ.Org

ਵਿਚ ਰਹਿੰਦਾ। ਇਕ ਦਿਨ ਗੁਲਾਮ ਮੁਹੰਮਦ ਨੇ ਹੇਠ ਲਿਖਿਆ ਸ਼ਬਦ ਜਿਹੜਾ ਕਿ ਉਸ ਨੇ ਜ਼ਬਾਨੀ ਯਾਦ ਕੀਤਾ ਹੋਇਆ ਸੀ, ਸਿੰਘ ਸਾਹਿਬ ਨੂੰ ਬੜੇ ਪ੍ਰੇਮ ਵਿੱਚ ਆ ਕੇ ਸੁਣਾਇਆ :—

"ਜੈਸੀ ਮੈ ਆਵੈ ਖਸਮ ਕੀ ਬਾਣੀ,
ਤੈਸੜਾ ਕਰੀ ਗਿਆਨੁ ਵੇ ਲਾਲੋ।
ਪਾਪ ਕੀ ਜੰਞ ਲੈ ਕਾਬਲਹੁ ਧਾਇਆ,
ਜੋਰੀ ਮੰਗੈ ਦਾਨੁ ਵੇ ਲਾਲੋ।
ਸਰਮੁ ਧਰਮੁ ਦੋਇ ਛਪਿ ਖਲੋਏ,
ਕੂੜੁ ਫਿਰੈ ਪਰਧਾਨੁ ਵੇ ਲਾਲੋ।
ਕਾਜੀਆ ਬਾਮਣਾ ਕੀ ਗਲ ਥਕੀ,
ਅਗਦੁ ਪੜੈ ਸੈਤਾਨੁ ਵੇ ਲਾਲੋ।
ਮੁਸਲਮਾਨੀਆ ਪੜਹਿ ਕਤੇਬਾ,
ਕਸਟ ਮਹਿ ਕਰਹਿ ਖੁਦਾਇ ਵੇ ਲਾਲੋ।
ਜਾਤਿ ਸਨਾਤੀ ਹੋਰਿ ਹਿਦਵਾਣੀਆ,
ਏਹਿ ਭੀ ਲੇਖੈ ਲਾਇ ਵੇ ਲਾਲੋ।
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ,
ਰਤੁ ਕਾ ਕੁੰਗੂ ਪਾਇ ਵੇ ਲਾਲੋ।'

(ਤਿਲੰਗ ਮ: ੧)

ਇਸ ਸ਼ਬਦ ਨੂੰ ਉਹ ਅਕਸਰ ਗਾਇਆ ਕਰਦਾ, ਜਦੋਂ ਭੀ ਉਹ ਇਕੱਲਾ ਹੁੰਦਾ ਤਾਂ ਉਸ ਦੇ ਮੂੰਹ ਵਿਚੋਂ ਇਹ ਤੁਕਾਂ ਸੁਣਾਈ ਦਿੰਦੀਆਂ :–

"ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ," ਅਤੇ ਜਾਂ ਫਿਰ ਵਾਹੁ-ਗੁਰ ਵਾਹੁ-ਗੁਰ ਦੀ ਧੁਨਿ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੇਠਲੇ ਸਲੋਕਾਂ ਨੇ ਤਾਂ ਉਸ ਦੀ ਕਾਇਆਂ ਹੀ ਪਲਟ ਦਿਤੀ :—

ਸਲੋਕ ਮ. ੧ ॥

ਮਿਹਰ ਮਸੀਤਿ, ਸਿਦਕੁ ਮੁਸਲਾ,
ਹਕੁ ਹਲਾਲੁ ਕੁਰਾਣੁ।
ਸਰਮ ਸੁੰਨਤਿ ਸੀਲੁ ਰੋਜਾ,
ਹੋਹੁ ਮੁਸਲਮਾਣੁ।
ਕਰਣੀ ਕਾਬਾ ਸਚੁ ਪੀਰੁ,
ਕਲਮਾ ਕਰਮ ਨਿਵਾਜ।
ਤਸਬੀ ਸਾ ਤਿਸੁ ਭਾਵਸੀ,
ਨਾਨਕ ਰਖੈ ਲਾਜ ॥ ੧ ॥

ਮ: ੧ ॥

ਹਕੁ ਪਰਾਇਆ ਨਾਨਕਾ ਉਸ ਸੂਅਰ ਉਸੁ ਗਾਇ।
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ।
ਗਲੀ ਭਿਸਤਿ ਨ ਜਾਈਐ ਛੁਟੈ ਸਚੁ ਕਮਾਇ।
ਮਾਰਣ ਪਾਹਿ ਹਰਾਮ ਮਹਿ,
ਹੋਇ ਹਲਾਲੁ ਨ ਜਾਇ।
ਨਾਨਕ ਗਲੀ ਕੂੜੀਈ,
ਕੂੜੋ ਪਲੈ ਪਾਇ ॥ ੨ ॥

ਮ: ੧ ॥

ਪੰਜਿ ਨਿਵਾਜਾ, ਵਖਤ ਪੰਜਿ,
ਪੰਜਾ ਪੰਜੇ ਨਾਉ।
ਪਹਿਲਾ ਸਚੁ, ਹਲਾਲ ਦੁਇ,
ਤੀਜਾ ਖੈਰ ਖੁਦਾਇ ॥
ਚਉਥੀ ਨੀਅਤਿ ਰਾਸਿ ਮਨੁ,
ਪੰਜਵੀ ਸਿਫਤਿ ਸਨਾਇ।
ਕਰਣੀ ਕਲਮਾ ਆਖਿਕੈ,
ਤਾ ਮੁਸਲਮਾਣੁ ਸਦਾਇ ॥
ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ ॥ ੩ ॥

(ਵਾਰ ਮਾਝ ਮ: ੧)

ਗੁਲਾਮ ਮੁਹੰਮਦ ਨੇ ਹਲਾਲ (ਮਾਸ) ਖਾਣਾ ਭੀ ਛਡ ਦਿਤਾ, ਸ਼ਰਾਬ ਤਾਂ ਉਹ ਪਹਿਲੋਂ ਹੀ ਨਹੀਂ ਪੀਂਦਾ ਸੀ। ਜਦੋਂ ਸਿੰਘ ਸਾਹਿਬ ਨੂੰ ਮਿਲਦਾ ਤਾਂ 'ਵਾਹੁਗੁਰ ਜੀ ਕਾ ਖਾਲਸਾ, ਵਾਹੁਗੁਰ ਜੀ ਕੀ ਫ਼ਤਹਿ' ਗਜਾਉਂਦਾ।



www.AKJ.Org

ਉਹ ਆਪਣਾ ਚੇਹਰਾ ਹਰ ਰੋਜ਼ ਬੜੇ ਗਹੁ ਨਾਲ ਸ਼ੀਸ਼ੇ ਵਿਚ ਵੇਖਦਾ। ਉਸ ਨੂੰ ਦਿਨੋ ਦਿਨ ਆਪਣੇ ਚਿਹਰੇ ਤੇ ਲਾਲੀ ਵਧਦੀ ਨਜ਼ਰ ਆਉਂਦੀ। ਉਹ ਆਪਣੇ ਚਿਹਰੇ ਦੀ ਦਿਨੋ ਦਿਨ ਵਧਦੀ ਲਾਲੀ ਦਾ ਸਿੰਘ ਸਾਹਿਬ ਕੋਲ ਭੀ ਜ਼ਿਕਰ ਕਰਦਾ। ਉਹ ਕਹਿੰਦਾ 'ਲੋਗ ਕਹਿਤੇ ਹੈਂ ਕਿ ਹਲਾਲ ਨਾਂਹ ਖਾਨੇ ਸੇ ਸੇਹਤ ਕਮਜ਼ੋਰ ਹੋ ਜਾਤੀ ਹੈ ਮਗਰ ਮੇਰੇ ਚੇਹਰੇ ਪਰ ਤੋਂ ਲਾਲੀ ਬੜਤੀ ਜਾਤੀ ਹੈ। ਕਿਉਂ ਭਾਈ ਸਾਹਿਬ! ਠੀਕ ਹੈ ਕਿ ਨਾ? ਸਿੰਘ ਸਾਹਿਬ ਠੀਕ ਹੈ ਵਿਚ ਉੱਤਰ ਦਿੰਦੇ। ਕਦੀ ਕਦੀ ਉਹ ਇਹ ਭੀ ਕਹਿੰਦਾ, "ਭਾਈ ਸਾਹਿਬ! ਮੇਰੇ ਚੇਹਰੇ ਪਰ ਵੈਸੀ ਲਾਲੀ ਕਬ ਆਏਗੀ ਜੈਸੇ ਕਿ ਮੈਂ ਨੇ ਉਸ ਦਿਨ ਸੁਬ੍ਹਾ ਆਪਕੇ ਚੇਹਰੇ ਪਰ ਦੇਖੀ ਥੀ?" ਸਿੰਘ ਸਾਹਿਬ ਉਤਰ ਦਿੰਦੇ, "ਗੁਲਾਮ ਮੁਹੰਮਦ ਤਸੱਲੀ ਰੱਖੋ। ਅਰਦਾਸ ਕੀਏ ਜਾਓ, ਸਤਿਗੁਰੂ ਏਕ ਦਿਨ ਜ਼ਰੂਰ ਬਖਸ਼ਸ਼ ਕਰੇਗਾ।"

ਮੁਸਲਮਾਨਾਂ ਵਿੱਚ ਆਮ ਚਰਚਾ ਹੋਣ ਲਗ ਪਈ ਕਿ ਗੁਲਾਮ ਮੁਹੰਮਦ ਕਾਫਰ ਹੋ ਗਿਆ ਹੈ। ਮਸੀਤ ਦੇ ਮੌਲਵੀ ਨੂੰ ਬੜਾ ਰੰਜ ਹੋਇਆ। ਉਸ ਨੇ ਕਰੀਮ ਬਖਸ਼ ਨੂੰ ਜਿਹੜਾ ਸਿੰਘ ਸਾਹਿਬ ਕੋਲ ਹੀ ਕੰਮ ਕਰਦਾ ਸੀ, ਕਿਹਾ ਕਿ ਉਹ ਗੁਲਾਮ ਮੁਹੰਮਦ ਨੂੰ ਮਸੀਤੇ ਨਮਾਜ਼ ਪੜ੍ਹਨ ਲਈ ਲਿਆਇਆ ਕਰੇ। ਇੱਕ ਦਿਨ ਬਹੁਤ ਜ਼ੋਰ ਪਾਉਣ ਤੇ ਗੁਲਾਮ ਮੁਹੰਮਦ ਮਸੀਤੇ ਚਲਿਆ ਗਿਆ। ਸਭਨਾਂ ਮੁਸਲਮਾਨਾਂ ਨੇ ਨਮਾਜ਼ ਪੜ੍ਹੀ ਪਰ ਗੁਲਾਮ ਮੁਹੰਮਦ ਪਿੱਛੇ ਖੜਾ ਹੀ ਰਿਹਾ। ਜਦੋਂ ਮੌਲਵੀ ਨੇ ਪੁੱਛਿਆ ਕਿ ਨਮਾਜ਼ ਕਿਉਂ ਨਹੀਂ ਪੜ੍ਹੀ ਤਾਂ ਉਸ ਨੇ ਸਾਫ਼ ਕਹਿ ਦਿੱਤਾ ਕਿ ਦਿਲ ਨਹੀਂ ਕੀਤਾ।

ਕਾਜ਼ੀ ਗੁਲਾਮ ਮੁਹੰਮਦ ਨੂੰ ਗੁਰਮਤਿ ਦੇ ਗਾਡੀ-ਰਾਹ ਤੋਂ ਮੋੜ ਨਾ ਸਕਿਆ। ਗੁਲਾਮ ਮੁਹੰਮਦ ਦੇ ਪਿਛਲੇ ਕਰਮ ਜਾਗ ਚੁਕੇ ਸਨ ਅਤੇ ਉਹ ਹੁਣ 'ਅੰਮ੍ਰਿਤ' 'ਅੰਮ੍ਰਿਤ' ਪਿਆ ਕੂਕਦਾ ਸੀ।


## ☬ ਸਿਮਰਨੇ ਤੇ ਖੰਡੇ ☬

ਅਸੀਂ ਸਰਬ ਲੋਹ ਦੇ ਵਧੀਆ ਸਿਮਰਨੇ, ਖੰਡੇ (ਦਸਤਾਰ ਉਤੇ ਸਜਾਉਣ ਵਾਲੇ) ਤੇ ਜੋੜਿਆਂ ਦੇ ਨੰਬਰ ਤਿਆਰ ਕਰਦੇ ਹਾਂ।

ਮਿਲਣ ਦਾ ਪਤਾ ਇਹ ਹੈ :—

ਕ੍ਰਿਪਾਲ ਸਿੰਘ, ਖ਼ਾਲਸਾ ਨਿਸ਼ਾਨ ਮੇਕਰ,
90, ਲਾਲ ਕੁਆਰਟਰ, ਆਜ਼ਾਦ ਨਗਰ, ਮਾਰਕੀਟ,
ਲੁਧਿਆਣਾ।




www.AKJ.Org

# ਮੰਤ ਰਣਧੀਰ ਸਿੰਘ ਇਕ ਅਧਿਅਨ

( ਗਿ: ਜਸਮੇਰ ਸਿੰਘ ਪਾਲ )

ਪ੍ਰੋਫ਼ੈਸਰ ਬਲਬੀਰ ਸਿੰਘ ਜੀ 'ਦਿਲ' ਨੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਦੇ ਜੀਵਨ ਦੀਆਂ ਕੁਝ ਝਾਕੀਆਂ ਆਪਣੀ ਪੁਸਤਕ 'ਅਣ ਪਰਖੇ ਹੀਰੇ' ਵਿਚ ਉਲੀਕੀਆਂ ਹਨ। ਪੁਸਤਕ ਦਾ ਸਿਰਲੇਖ ਨਿਹਾਇਤ ਹੀ ਢੁਕਵਾਂ ਤੇ ਮੌਕਾ ਮੇਲ ਖਾਂਦਾ ਹੈ। ਭਾਈ ਸਾਹਿਬ ਜੀ ਦੀ ਜੀਵਨ ਗਾਥਾ ਵਚਿਤਰ ਤੇ ਅਦਭੁੱਤ ਹੈ। ਆਪ ਜੀ ਦੀ ਜੀਵਨ ਕਥਾ ਅਜੇ ਤੀਕ ਗੁਰਸਿਖ ਪਿਆਰਿਆਂ ਤੋਂ ਗੁਝੀ ਹੀ ਰਹੀ ਹੈ। ਜੇਕਰ ਥੋੜ੍ਹਾ ਬਹੁਤ ਮਸਾਲਾ ਬਾਬਾ ਸੁਰਜਨ ਸਿੰਘ ਜਿਹੇ ਗੁਰਸਿਖ ਪਿਆਰੇ ਨੇ ਇਕਠਾ ਕਰਕੇ ਲਿਖਿਆ ਹੈ ਜਾਂ ਭਾਈ ਸਾਹਿਬ ਤੋਂ ਸੁਣੇ ਬਚਨਾਂ ਨੂੰ ਇਕਤਰ ਕਰਨ ਵਿਚ ਮਿਹਨਤ ਕੀਤੀ ਹੈ ਤਾਂ ਉਹ ਜੀਵਨੀ ਮੁਕੰਮਲ ਜੀਵਨੀ ਨਹੀਂ ਆਖੀ ਜਾ ਸਕਦੀ ਪਰ ਅਜੇ ਤੀਕ ਹੋਰ ਭਰੋਸੇ ਯੋਗ ਲਿਖਤ ਸਾਡੇ ਕੋਲ ਹੋਰ ਹੈ ਵੀ ਨਹੀਂ। ਸੋ ਬਾਬਾ ਸੁਰਜਨ ਸਿੰਘ ਜੀ ਦੇ ਦਸੇ ਬਿਰਤਾਂਤ ਫਿਰ ਵੀ ਕਾਫੀ ਮਹੱਤਤਾ ਰਖਦੇ ਹਨ। ਢੁਕਵਾਂ ਬਿਰਤਾਂਤ, ਸੰਖੇਪ ਤੇ ਭਾਵਪੂਰਤ, ਸਮੇਂ ਦੀ ਲੋੜ ਅਨੁਸਾਰ ਕਈ ਘਾਪਿਆਂ ਨੂੰ ਪੂਰਾ ਕਰਦਾ ਹੈ। ਜੀਵਨੀਕਾਰ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਉਹ ਜਿਸ ਸ਼ਖਸੀ-ਅਤ ਬਾਰੇ ਲਿਖ ਰਿਹਾ ਹੈ ਉਸ ਦੇ ਜੀਵਨ ਦੇ ਹਰ ਪਹਿਲੂ ਨੂੰ ਛੋਹੇ। ਬਾਬਾ ਸੁਰਜਨ ਸਿੰਘ ਜੀ ਦੀ ਲਿਖੀ ਜੀਵਨੀ ਵਿਚ ਮੌਲਿਕਤਾ ਵਧੇਰੇ ਹੈ ਤੇ ਸਥਾਨਕ ਰੰਗਣ ਵਰਤੀ ਗਈ ਹੈ। ਸੱਚੇ ਸੱਚੇ ਬਿਰਤਾਂਤ ਹਨ, ਸਰਲਤਾ ਸਪਸ਼ਟਤਾ, ਸਾਦਗੀ, ਸੰਖੇਪਤਾ ਦੇ ਲਛਣ ਮਿਲਦੇ ਹਨ। ਹਰ ਬਿਆਨ ਸਾਨੂੰ ਅਸਲੀਅਤ ਦੇ ਨੇੜੇ ਲੈ ਜਾਂਦਾ ਹੈ। ਫਿਰ ਬਚਨ ਉਸ ਗੁਰਸਿਖ ਦੇ ਹਨ ਜੋ ਭਾਈ ਸਾਹਿਬ ਹੁਰਾਂ ਦਾ ਨਿਕਟ-ਵਰਤੀ ਉਨ੍ਹਾਂ ਦੀ ਹਜ਼ੂਰੀ ਵਿਚ ਰਹਿਣ ਵਾਲਾ ਗੁਰਸਿਖ ਸੀ। ਲਿਖਤ ਵਿਚ ਵਲ-ਵਲੇਵਾਂ ਨਹੀਂ, ਵਾਧੂ ਅਲੰਕਾਰ ਨਹੀਂ ਸਿਦਕ ਦਿਲੀ ਤੇ ਸਪਸ਼ਟਤਾ ਝਲਕਾਂ ਮਾਰਦੀ ਹੈ।

ਪੁਸਤਕ 'ਅਣਪਰਖੇ ਹੀਰੇ' ਦਾ ਕਰਤਾ ਭਾਈ ਸਾਹਿਬ ਜੀ ਦੇ ਜੀਵਨ ਨੂੰ ਤੁਲਨਾਤਮਕ ਅਧਿਅਨ ਦੇ ਦ੍ਰਿਸ਼ਟੀਕੋਨ ਤੋਂ, ਸਾਹਿਤਕ ਦਰਿਸ਼ਟੀਕੋਨ ਤੋਂ, ਵਿਚਾਰਧਾਰਾ ਦੇ ਦਰਿਸ਼ਟੀਕੋਨ ਤੋਂ ਸਾਕਾਰ ਕਰਨ ਦਾ ਜਤਨ ਕਰਦਾ ਹੈ ਲੇਖਕ ਲਿਖਦਾ ਹੈ ਭਾਇ। ਸਾਹਿਬ ਦਾ ਜੀਵਨ ਸੱਚੇ ਸਿੰਘਾਂ ਵਾਲਾ, ਉਚੇ ਆਚਰਨੋ ਵਾਲਾ, ਨਾਮਬਾਣੀ ਵਾਲਾ ਸੀ। ਜੋ ਕੁਝ ਉਨ੍ਹਾਂ ਆਖਿਆ ਕਰਕੇ ਵਿਖਾਇਆ। ਭਾਈ ਸਾਹਿਬ ਦਾ ਸਿਦਕ ਤੇ ਅਡੋਲਤਾ ਸਿਖਰ ਤੇ ਪੁਜ ਚੁਕਾ ਸੀ। ਆਪਣੀਆਂ ਲਿਖਤਾਂ ਵਿਚ ਉਹ ਕਦੇ ਇਹ ਨਹੀਂ ਕਹਿੰਦੇ ਕਿ ਇਹ ਗਲ ਇਸ ਤਰ੍ਹਾਂ ਵੀ ਹੋ ਸਕਦੀ ਹੈ ਦੂਜੀ ਤਰ੍ਹਾਂ ਵੀ। ਉਹ ਇਹ ਆਖਦੇ ਹਨ ਬਸ ਇਹ ਗਲ ਇਸ ਤਰ੍ਹਾਂ ਹੀ ਹੋ ਸਕਦੀ ਹੈ। ਅਜੇਹਾ ਮਨੁਖ ਉਹੋ ਕੁਝ ਲਿਖ ਸਕਦਾ



www.AKJ.Org

ਹੈ ਜਿਸ ਨੂੰ ਆਪਣੇ ਆਪ ਤੇ ਪੂਰਨ ਵਿਸ਼ਵਾਸ਼ ਹੈ ਜਾਂ ਜਿਸ ਨੇ ਉਹ ਗਲ ਪਰਤਾ ਕੇ ਵੇਖ ਲਈ ਹੈ ਜਿਸ ਬਾਬਤ ਉਹ ਦਾਅਵਾ ਕਰ ਰਿਹਾ ਹੈ ਜਾਂ ਜਿਸ ਦੇ ਠੀਕ ਹੋਣ ਦਾ ਉਸ ਕੋਲ ਸਬੂਤ ਹੈ। ਇਹ ਲਿਖਤਾਂ ਅਮਲੀ ਜੀਵਨ ਦੀ ਉਪਜ ਹੁੰਦੀਆਂ ਹਨ। ਭਾਈ ਸਾਹਿਬ ਜੀ ਨੇ ਕਦੇ ਵੀ ਅਪਣੇ ਆਪ ਨੂੰ ਲੀਡਰ ਜਾਂ ਆਗੂ ਨਹੀਂ ਅਖਵਾਇਆ। ਉਨ੍ਹਾਂ ਦਾ ਧੁਰਾ ਜਾਂ ਸੇਧ ਕੇਵਲ ਕੀਰਤਨ ਸੀ। ਉਹ ਪਹਿਲਾਂ ਧਾਰਮਕ ਸਨ ਬਾਦ ਵਿਚ ਹੋਰ ਕੁਝ। ਭਾਈ ਸਾਹਿਬ ਜਿਹੀਆਂ ਸਰਬ-ਪਖੀ ਸਖਸ਼ੀਅਤਾਂ ਆਪਣੇ ਦੁਆਲੇ ਹੋਰਨਾਂ ਸਖਸ਼ੀਅਤਾਂ ਨੂੰ ਪੈਦਾ ਕਰ ਲੈਂਦੀਆਂ ਹਨ। ਗੁਰਮਤ ਨਾਮ ਅਭਿਆਸ ਕਮਾਈ ਪੁਸਤਕ ਵਿਚ ਭਾਈ ਸਾਹਿਬ ਜੀ ਆਪ ਲਿਖਦੇ ਹਨ ਕਿ ਉਹ ਅਠੀਂ ਪਹਿਰ ਸਿਮਰਨ ਵਿਚ ਰਹਿੰਦੇ ਸਨ। ਸਿਮਰਨ ਨੂੰ ਉਹ ਅਠੀਂ ਪਹਿਰ ਦੀ ਕੁੰਜੀ ਲਿਖਦੇ ਹਨ। ਉਹ ਜਿਥੇ ਵੀ ਜਾਂਦੇ ਕੀਰਤਨ ਕਰਦੇ। ਉਹ ਆਪ ਕਿਹਾ ਕਰਦੇ ਸਨ ਮੈਂ ਅਕਾਲ ਪੁਰਖ ਦਾ ਢਾਡੀ ਹਾਂ। ਜਸ ਕਰ ਛਡਦਾ ਹਾਂ :—

'ਹਉਂ ਮੂਰਖ ਕਾਰੈ ਲਾਇਆ'

ਮਹਾਨ ਆਤਮਾ ਕਦੇ ਇਹ ਨਹੀਂ ਆਖਦੀ ਮੈਂ ਆਹ ਕੀਤਾ ਔਹ ਕੀਤਾ। ਫਲਾਂ ਨਾਲ ਲਦਿਆ ਬਿਰਛ ਜ਼ਮੀਨ ਵਲ ਝੁਕਿਆ ਹੁੰਦਾ ਹੈ।

ਅਜ ਕਲ ਛਾਪੇਖਾਨੇ ਦਾ, ਸਭਿਅਤਾ ਦਾ ਜੁੱਗ ਹੈ। ਪੁਸਤਕਾਂ ਆਮ ਹੋ ਗਈਆਂ ਹਨ। ਪਰ ਭਾਈ ਸਾਹਿਬ ਦੇ ਸਮੇਂ ਗੁਰਮਤ ਦੀਆਂ ਪੁਸਤਕਾਂ ਬੜੀਆਂ ਘਟ ਮਿਲਦੀਆਂ ਸਨ। ਭਾਈ ਸਾਹਿਬ ਨੇ ਉਸ ਸਮੇਂ ਬਵੰਜਾ ਪੁਸਤਕਾਂ ਲਿਖ ਕੇ ਗੁਰਮਤ ਦਾ ਚਾਨਣ ਖਲੇਰਿਆ। ਗੁਰਮਤ ਨਾਮ ਅਭਿਆਸ ਕਮਾਈ ਪੁਸਤਕ ਗੁਰਮਤ ਵਿਚਾਰ-ਧਾਰਾ ਦਾ ਪ੍ਰਤੀਕ ਮਿਥੀ ਗਈ ਹੈ। ਨਾਮ ਸਿਮਰਨ ਅਭਿਆਸ, ਅਰਦਾਸ, ਹੁਕਮ, ਕੀਰਤਨ, ਗੁਰਮੰਤ੍ਰ, ਦੀਖਿਆ, ਗੁਰੂ, ਵਾਹਿਗੁਰੂ, ਜਿਹੇ ਔਖੇ ਵਿਸ਼ਿਆ ਨੂੰ ਸਪਸ਼ਟ ਭਾਂਤ ਖੋਲ੍ਹਿਆ ਗਿਆ ਹੈ। ਬੁਧੀ ਦੰਗ ਰਹਿ ਜਾਂਦੀ ਹੈ। ਗੁਰਮਤ ਸਿਧਾਂਤਾਂ ਦੀ ਵਿਆਖਿਆ ਹੈ ਕੇਸ਼ ਹੈ, ਨਿਰਣਾ ਹੈ, ਸਫਲ ਟੀਕਾ ਹੈ। ਕੋਈ ਵੀ ਮਸਲਾ ਗੁੰਝਲਦਾਰ ਨਹੀਂ ਰਹਿਣ ਦਿਤਾ। ਪੁਸਤਕ ਦਰਸ਼ਨ ਝਲਕਾਂ ਦਾਰਸ਼ਨਕ ਰੰਗਣ ਰਖਦੀ ਹੈ। ਪ੍ਰੋਫੈਸਰ ਕ੍ਰਿਪਾਲ ਸਿੰਘ ਕਸੇਲ ਨੇ ਇਸ ਪੁਸਤਕ ਬਾਰੇ ਆਪਣਾ ਫ਼ੈਸਲਾ ਦਿੰਦੇ ਹੋਇਆਂ ਅਧੁਨਕ ਗਦਕਾਰ ਪੁਸਤਕ ਵਿਚ ਲਿਖਿਆ ਹੈ ਕਿ ਇਹ ਪੰਜਾਬੀ ਦੀ ਪਹਿਲੀ ਦਾਰਸ਼ਨਕ ਕਵਿਤਾ ਹੈ ਜਿਸ ਵਿਚ ਉਚੀਆਂ ਉਡਾਰੀਆਂ ਲਾਈਆਂ ਗਈਆਂ ਹਨ।'' ਪੁਸਤਕ ਜੋਤ ਵਿਗਾਸ ਇਸੇ ਦੀ ਇਕ ਕੜੀ ਹੈ। ਸੰਤ ਕਵੀ ਸ਼ਬਦਾਂ ਨਾਲ ਖੇਡਿਆ ਹੈ। ਜੋਤ ਦੇ ਸਾਂਗੋ ਪਾਂਗ ਦਰਸ਼ਨ ਕੀਤੇ ਹਨ, ਝਾਵਲੇ ਉਲੀਕੇ ਹਨ। ਜਿਸ ਕੋਲ ਕੁਝ ਕਹਿਣ ਦੀ ਸਮਰਥਾ ਹੋਵੇ ਉਹੋ ਕੁਝ ਆਖ ਸਕਦਾ ਹੈ। ਜੇਕਰ ਕਵਿਤਾ ਵਿਚ ਉਚੇ ਵਿਚਾਰ ਨਹੀਂ ਤਾਂ ਉਹ ਕਵਿਤਾ ਨਹੀਂ ਛੰਦਾ ਬੰਦੀ ਹੈ। ਜੇਕਰ ਵਿਚਾਰ ਹਲਕੇ ਹਨ ਜਾਂ ਥੋਥੇ ਹਨ ਉਪਰੋਂ ਅਲੰਕਾਰਾਂ ਤੇ ਛੰਦਾਬੰਦੀ ਦਾ ਪਹਿਰਾਵਾ ਹੈ ਤਦ ਡਾਕਟਰ ਤਾਰਨ ਸਿੰਘ ਅਨੁਸਾਰ ਅਜਿਹੀ ਕਵਿਤਾ ਉੱਚੇ ਵਿਚਾਰਾਂ ਤੋਂ ਸਖਣੀ ਕਵਿਤਾ 'ਜਿਉ ਮਿਰਤਕ ਓਢਾਇਆ, ਹੀ ਹੁੰਦੀ ਹੈ। ਭਾਈ ਸਾਹਿਬ ਦੀ ਕਵਿਤਾ ਵਿਚ ਲੈ ਹੈ, ਰਸ ਹੈ, ਸੰਗੀਤ ਹੈ,ਜਜ਼ਬਾ ਹੈ, ਵਿਚਾਰਾਂ ਦੀ ਪਕਿਆਈ ਹੈ।

ਭਾਈ ਸਾਹਿਬ ਜੀ ਦੀਆਂ ਮਹਾਨ ਰਚਨਾਵਾਂ ਵਿਚੋਂ 'ਜੇਲ੍ਹ ਚਿਠੀਆਂ' ਦੀ ਵਿਸ਼ੇਸ਼ ਥਾਂ ਹੈ। ਜੇਲ੍ਹ


www.AKJ.Org

ਚਿਠੀਆਂ ਪੰਜਾਬੀ ਦੀ ਉਹ ਮਹਾਨ ਵਾਰਤਕ ਰਚਨਾ ਹੈ ਜਿਸ ਵਿਚ ਪੰਜਾਬ ਦੀਆਂ ਲਪਪਗ ਸਾਰੀਆਂ ਧਰਮ ਸੁਧਾਰਕ ਲਹਿਰਾਂ ਤੇ ਅੰਦੋਲਨਾਂ ਦਾ ਜ਼ਿਕਰ ਹੈ। ਡਾਕਟਰ ਮੋਹਨ ਸਿੰਘ ਦੀਵਾਨਾ ਨੇ ਇਸ ਨੂੰ ਬਹੁਮੁਲੀ ਇਤਿਹਾਸਕ ਵਾਕਫ਼ੀ ਨਾਲ ਭਰਪੂਰ ਪੁਸਤਕ ਕਰਾਰ ਦਿਤਾ ਹੈ। ਅੰਗਰੇਜ਼ੀ ਰਾਜ ਸਮੇਂ ਦੀ ਸਮਾਜਕ, ਧਾਰਮਕ ਤੇ ਰਾਜਨੀਤਕ ਤਸਵੀਰ ਜੇਲ੍ਹ ਚਿਠੀਆਂ ਵਿਚੋਂ ਵੇਖੀ ਜਾ ਸਕਦੀ ਹੈ। ਦੇਸ਼ ਭਗਤੀ ਦੇ ਕਾਰਨਾਮੇ, ਅਦੁਤੀ ਕੁਰ-ਬਾਨੀਆਂ ਦਾ ਉਲੇਖ ਇਸ ਵਿਚੋਂ ਹਥ ਲਗਦਾ ਹੈ। ਭਾਈ ਸਾਹਿਬ ਜੀ ਦੀ ਆਪ-ਬੀਤੀ ਦੇ ਚਮਤ-ਕਾਰੇ ਜੇਲ੍ਹ ਚਿਠੀਆਂ ਵਿਚ ਨਿਰਪੇਖ ਤੇ ਬਿਨਾ ਕਿਸੇ ਵਧਾ ਚੜ੍ਹਾ ਕੇ ਉਲੀਕੇ ਹਨ । ਕਈ ਰਬੀ ਕ੍ਰਿਸ਼ਮੇ ਚਿਤਰੇ ਹਨ। ਉਸ ਸਮੇਂ ਦੇ ਪੰਜਾਬ ਦੀ ਮੂੰਹ ਬੋਲਦੀ ਤਸਵੀਰ ਹੈ। ਲੇਖਕ ਦੇ ਬੰਦੀ-ਜੀਵਨ ਦੀਆਂ ਘਟਨਾਵਾਂ ਤੇ ਪੰਜਾਬੀ ਸੁਭਾ ਨਿਖਰ ਨਿਖਰ ਆਉਂਦਾ ਹੈ। ਬਦੇਸ਼ੀਆਂ ਤੋਂ ਘਿਰਣਾ ਪੈਦਾ ਹੁੰਦੀ ਹੈ। ਦੇਸ਼ ਭਗਤੀ ਦਾ ਪਰਗਟਾਵਾ ਨਾਟਕੀ ਤੇ ਰੋਚਿਕ ਢੰਗ ਨਾਲ ਕੀਤਾ ਹੈ। ਸਾਧਾਰਨ ਗਲ-ਬਾਤ ਵਿਚ ਭਾਈ ਸਾਹਿਬ ਅੰਗਰੇਜ਼ਾਂ ਨੂੰ ਬਿਲੇ ਆਖਦੇ ਹਨ। ਜੇਲ੍ਹ ਸੁਪਰਡੰਟ ਜਟਾਰ ਦੇ ਜ਼ੁਲਮ ਚਿਤਰੇ ਹਨ। ਬੰਗਾਲੀ ਭਾਈ ਸਾਹਿਬ ਨੂੰ 'ਪੰਜਾਬੀ ਸਾਧੂ ਜੀ' ਕਹਿਕੇ ਪੁਕਾਰਦੇ ਹਨ।

ਭਾਈ ਸਾਹਿਬ ਜੀ ਦੀ ਬਹੁ-ਮੁਲੀ ਦੇਣ ਇਕ ਹੋਰ ਪੁਸਤਕ 'ਗੁਰਮਤ ਕਰਮ ਫਿਲਾਸਫੀ' ਹੈ। ਇਹ ਭਾਈ ਸਾਹਿਬ ਜੀ ਦਾ ਸਫਲ ਸਾਰਥਕ ਉਦਮ ਹੈ। ਆਪ ਜੀ ਦਾ ਅਨੁਭਵ, ਜਾਤੀ ਤਜ-ਰਬਾ ਇਸ ਪੁਸਤਕ ਵਿਚੋਂ ਵੇਖ ਸਕੀਦਾ ਹੈ। ਆਪਣੇ ਪੂਰਬਲੇ ਜਨਮ ਬਾਰੇ ਭਾਈ ਸਾਹਿਬ ਜੀ ਨੇ ਇਸ ਵਿਚ ਲਿਖਿਆ ਹੈ। ਗੁਰੂ ਨਾਨਕ ਫਾਊਂ-ਡੇਸ਼ਨ ਦਿਲੀ ਨੇ ਇਕ ਪੁਸਤਕ 'ਗੁਰੂ ਨਾਨਕ ਦਾ ਸਿਖ ਧਰਮ' ਪਿਛੇ ਜਿਹੇ ਛਾਪੀ ਹੈ ਜਿਸ ਦੇ ਲੇਖਕ ਸਿੱਖ ਦਰਸ਼ਨ ਤੇ ਸਿਖ ਇਤਿਹਾਸ ਦੇ ਪਰਸਿਧ ਖੋਜੀ ਡਾਕਟਰ ਤਰਲੋਚਨ ਸਿੰਘ ਜੀ ਹਨ। ਉਹ 'ਗੁਰੂ ਨਾਨਕ ਦਾ ਸਿਖ ਧਰਮ' ਦੇ ਕਰਮ ਸਿਧਾਤ ਦੇ ਕਾਂਡ ਦੇ ਫੁਟ ਨੋਟ ਵਿਚ ਲਿਖਦੇ ਹਨ ਕਿ ਕਰਮ ਤੇ ਆਵਾਗੌਣ ਦੀ ਥਿਊਰੀ ਸਪਸ਼ਟ ਭਾਂਤ ਸਮਝਣ ਲਈ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਪੁਸਤਕ 'ਗੁਰਮਤ ਕਰਮ ਫਿਲਾਸਫੀ' ਪੜ੍ਹੋ। ਪੁਸਤਕ ਵਿਚ ਵਿਸਥਾਰ ਸਹਿਤ ਕਰਮ ਥਿਊਰੀ ਉਤੇ ਚਾਨਣ ਪਾਇਆ ਗਿਆ ਹੈ। ਇਹ ਭਾਈ ਸਾਹਿਬ ਜੀ ਦਾ ਸਫਲ ਉਦਮ ਕਿਹਾ ਜਾ ਸਕਦਾ ਹੈ । ਭਾਈ ਸਾਹਿਬ ਜੀ ਦੇ ਲਿਖਤ ਦੇ ਕੁਝ ਨਮੂਨੇ ਸੁਣੋ! ਆਤਮ ਰਸ ਦੀ ਲਖਤਾ ਹੀ ਵਿਸਮਾਦ ਦੀ ਲਖਤਾ ਹੈ—

(ਗੁਰਮਤ ਨਾਮ ਅਭਿਆਸ ਕਮਾਈ)

ਗੁਰਸ਼ਬਦ ਦੀ ਕਮਾਈ, ਗੁਰਸ਼ਬਦ ਦਾ ਬਾਰੰਬਾਰ ਜਪਣਾ ਰਟਨ ਹੀ ਹਉਮੈ ਤੇ ਔਗੁਣ ਮੇਟ ਸਕਦਾ ਹੈ। ਸਿਮਰਨ ਦਾਤਾ ਕੇਵਲ ਸਤਗੁਰੂ ਹੈ।

(ਗੁਰਮਤ ਨਾਮ ਅਭਿਆਸ ਕਮਾਈ)

ਪ੍ਰੋਫੈਸਰ ਪਰਕਾਸ਼ ਸਿੰਘ ਜੀ ਐਮ. ਏ. ਇਨ-ਚਾਰਜ ਸਿੱਖ ਇਤਿਹਾਸ ਵਿਭਾਗ ਖਾਲਸਾ ਕਾਲਜ ਅੰਮ੍ਰਿਤਸਰ ਭਾਈ ਸਾਹਿਬ ਬਾਰੇ ਉਨ੍ਹਾਂ ਦੀ ਇਕ ਚਿਠੀ ਦਾ ਹਵਾਲਾ ਦੇ ਕੇ ਲਿਖਦੇ ਹਨ :—

'ਭਾਈ ਸਾਹਿਬ ਜੀ ਆਮ ਲੇਖਕਾਂ ਨਾਲੋਂ ਕਈ ਲਿਹਾਜ ਨਾਲ ਭਿੰਨ ਸਨ। ਆਪ ਨੇ ਜੋ ਕੁਝ ਲਿਖਿਆ ਹੈ ਉਹ ਨਿਰਾ ਇਧਰੋਂ ਉਧਰੋਂ ਪੜ੍ਹਕੇ ਨਹੀਂ ਲਿਖਿਆ ਸਗੋਂ ਨਿੱਜੀ ਤਜਰਬੇ ਤੇ ਗੁਰਬਾਣੀ ਦੀ ਕਸਵਟੀ ਤੇ ਪੂਰਾ ਉਤਾਰ ਕੇ ਲਿਖਿਆ ਹੈ। ਆਪ



www.AKJ.Org

ਦੇ ਸਮਕਾਲੀ ਕੁਝ ਕੁ ਹੋਰ ਪਰਸਿਧ ਲਿਖਾਰੀਆਂ ਨੇ ਵੀ ਗੁਰਮਤਿ ਦੀ ਵਿਆਖਿਆ ਕੀਤੀ ਹੈ। ਜਿਵੇਂ ਕਿ ਭਾਈ ਸਾਹਿਬ ਭਾਈ ਵੀਰ ਸਿੰਘ ਜੀ, ਭਾਈ ਸਾਹਿਬ ਭਾਈ ਸ਼ੇਰ ਸਿੰਘ ਜੀ ਤੇ ਪ੍ਰੋਫੈਸਰ ਸਾਹਿਬ ਸਿੰਘ ਜੀ ਆਦਿ । ਪਰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਨਵੇਕਲੀ ਥਾਂ ਹੈ। ਭਾਵੇਂ ਦੂਜੇ ਲਿਖਾਰੀਆਂ ਦੀ ਵੀ ਆਪਣੀ ਆਪਣੀ ਥਾਂ ਆਪਣੀ ਆਪਣੀ ਸ਼ੈਲੀ ਤੇ ਸ਼ਬਦਾਵਲੀ ਹੈ ਪਰ ਭਾਈ ਸਾਹਿਬ ਜੀ ਦੀ ਸ਼ਬਦਾਵਲੀ ਤੇ ਲਿਖਣ ਢੰਗ ਅਸਲੋਂ ਹੀ ਵਖਰਾ ਹੈ। ਸ਼ਬਦਾਵਲੀ ਖਾਸ ਕਰਕੇ ਗੁਰਮਤਿ ਦੀ ਵਿਆਖਿਆ ਦੀ ਤਾਂ ਗੁਰ-ਬਾਣੀ ਦੇ ਭੰਡਾਰ ਵਿਚੋਂ ਐਸੇ ਵੇਗ ਤੇ ਢੁਕਵੇਂ ਢੰਗ ਨਾਲ ਵਰਤੀ ਹੈ ਜਿਵੇਂ ਕਿ ਗੁਰਬਾਣੀ ਵਿਚ ਭਰਪੂਰ ਸ਼ਬਦ ਭੰਡਾਰ ਦਾ ਅਥਾਹ ਹੜ ਆ ਰਿਹਾ ਹੋਵੇ। ਪਰ ਖੂਬਸੂਰਤੀ ਇਹ ਹੈ ਕਿ ਸ਼ਬਦ ਤੇ ਜਜ਼ਬੇ ਦਾ ਸੁਮੇਲ ਹੈ। ਲੋੜ ਕੇਵਲ ਆਪ ਦੀ ਸੈਲੀ ਨਾਲ ਚੰਗੀ ਤਰ੍ਹਾਂ ਸਾਂਝ ਪਾਣ ਦੀ ਹੈ। ਭਾਈ ਸਾਹਿਬ ਜੀ ਦੀ ਇਕ ਟੂਕ ਨਾਮ ਦੀ ਪਾਰਸ ਕਲਾ ਬਾਰੇ ਸੁਣੋ, ਜੋ ਜਾਤੀ ਤਜਰਬੇ ਦੇ ਅਧਾਰ ਉਤੇ ਹੈ :—

"ਨਾਮ ਨੂੰ ਜਪਣਾ ਨਾਮ ਦਾ ਅਭਿਆਸ ਕਰਨਾ ਨਾਮ ਰੂਪੀ ਪਾਰਸ ਨੂੰ ਪਰਸਣਾ ਹੈ। ਪਰ ਇਸ ਦੀ ਪਾਰਸ ਕਲਾ ਨੂੰ ਸੋਈ ਜਾਣਦੇ ਹਨ, ਜਿਨ੍ਹਾਂ ਨੇ ਇਸ ਨੂੰ ਪਰਸਿਆ ਹੋਵੇ । ਪਰ ਇਹ ਐਸਾ ਪਾਰਸ ਹੈ, ਜਿਸ ਨੂੰ ਖਿੰਨ ਖਿੰਨ ਪਰਸਣ ਦੀ ਲੋੜ ਹੈ। ਜਿਉਂ ਜਿਉਂ ਇਸ ਨੂੰ ਪਰਸੋਗੇ ਤਿਉਂ ਤਿਉਂ ਪਾਰਸ ਹੁੰਦੇ ਚਲੇ ਜਾਓਗੇ। ਪਾਰਸ ਕਲਾ ਦੀਆਂ ਡਿਗਰੀਆਂ ਤੋਂ ਪਰ੍ਹੇ ਹਨ ਤੇ ਪਾਰਸ ਪਰਸਨ ਵਾਲਾ ਅਮਲ ਅਭਿਆਸ ਭੀ ਪਰ੍ਹੇ ਤੋਂ ਪਰ੍ਹੇ ਹੈ। ਲੋਕ ਤਾਂ ਛੂਮੰਤ੍ਰ ਕੀ ਛਾਈ ਹੀ ਲੋੜਦੇ ਹਨ ਪਰ ਗੁਰੂ ਘਰ ਵਿਚ ਸਭ ਕੁਛ ਹੈ । ਅੰਮ੍ਰਿਤ ਨਾਮ, ਪਾਰਸ ਨਾਮ ਦੀ ਕਮਾਈ ਵਾਲੇ ਪੰਜਾਂ ਪਿਆਰਿਆਂ ਦੁਆਰਾ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਤਾਬਿਆ ਜਿਸ ਅੰਮ੍ਰਿਤ ਅਧਿਕਾਰੀ ਸਿਖੀ ਦੇ ਜਗਿਆਸੂ ਨੂੰ ਅੰਮ੍ਰਿਤ ਛਕਣ ਸਮੇਂ ਨਾਮ ਗੁਰਮੰਤਰ ਦੀ ਜੀਵਨ ਗੁੜਤੀ ਮਿਲ ਗਈ ਉਸ ਦੇ ਅੰਤਰ ਆਤਮੇ ਅੰਮ੍ਰਿਤ ਛਕਣ ਸਾਰ ਅਤੇ ਅੰਮ੍ਰਿਤ-ਨਾਮ ਮਿਲਣ ਸਾਰ ਹੀ ਛਿਨਕ ਮਾਤਰ ਵਿਚ ਪਾਰਸ ਕਲਾ ਪ੍ਰਵੇਸ਼ ਹੋ ਜਾਵੰਦੀ ਹੈ। ਰਸ-ਜੋਤਿ ਪਰਕਾਸ਼ ਵਾਲੀ ਬਵਸਥਾ ਕੇਵਲ ਇਸ ਅੰਮ੍ਰਿਤ ਨਾਮ ਦੀ ਪਾਰਸ ਕਲਾ ਦੁਆਰਾ ਹੀ ਪ੍ਰਾਪਤ ਹੁੰਦੀ ਹੈ ।"


## ਕਿਰਪਾਨਾਂ

ਸੁੰਦਰ ਤੇ ਮਜ਼ਬੂਤ ਸ੍ਰੀ ਸਾਹਿਬਾਂ (ਗਾਤਰੇ ਵਿਚ ਪਾਉਣ ਵਾਲੀਆਂ) ਹੇਠ ਲਿਖੇ ਪਤੇ ਤੋਂ ਮੰਗਵਾ ਸਕਦੇ ਹੋ। ਮਿਆਨ ਸਰਬ ਲੋਹ ਜਾਂ ਪਿਤਲ ਦੀ ਸੁੰਦਰ ਵੇਲ ਵਾਲੇ ਮਿਲ ਸਕਦੇ ਹਨ।

ਇੰਦਰਜੀਤ ਸਿੰਘ,
ਕਿਰਪਾਨਾਂ ਵਾਲੇ
2 ਅਜੀਤ ਨਗਰ, ਅੰਮ੍ਰਿਤਸਰ ।




www.AKJ.Org

# ਹੋਲੇ ਮਹੱਲੇ ਦਾ ਸਮਾਗਮ

## ਕਲਗੀਆਂ ਵਾਲੇ ਦੀ ਪਿਆਰੀ ਅਨੰਦਪੁਰੀ ਵਿਖੇ

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ ॥

ਚੰਡੀਗੜ੍ਹ, ਲੁਧਿਆਣਾ, ਜਲੰਧਰ, ਪਟਿਆਲਾ, ਦਿੱਲੀ, ਸ੍ਰੀ ਅੰਮ੍ਰਿਤਸਰ ਸਾਹਿਬ, ਤਲਵਾੜਾ, ਨੰਗਲ, ਅੰਬਾਲਾ ਤੇ ਹੋਰ ਸ਼ਹਿਰਾਂ ਦੇ ਅਖੰਡ ਕੀਰਤਨੀ ਜਥਿਆਂ ਵਲੋਂ ੨੭ ਫ਼ਰਵਰੀ ਤੋਂ ੧ ਮਾਰਚ ੧੯੭੨ ਤਕ ਹੋਲੇ ਮਹੱਲੇ ਦਾ ਸਮਾਗਮ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਤੇ ਮਨਾਇਆ ਜਾਵੇਗਾ । ਇਹ ਆਨੰਦਮਈ ਨਗਰੀ ਨੌਵੇਂ ਅਤੇ ਦਸਵੇਂ ਨਾਨਕ ਜੀ ਨੇ ਵਸਾਈ, ਚਾਰ ਸਾਹਿਬਜ਼ਾਦਿਆਂ ਅਤੇ ਖਾਲਸੇ ਦੀ ਇਹ ਜਨਮ ਭੂਮੀ, ਪੰਜ ਪਿਆਰਿਆਂ ਦੀ ਪ੍ਰੀਖਿਆ ਥਾਂ, ਭਾਈ ਨੰਦ ਲਾਲ ਜੀ ਦਾ ਮੱਕਾ ਸ਼ਰੀਫ਼, ਭਾ: ਘਨੱਯਾ ਜੀ ਦਾ ਸੇਵਾ ਖੇਤਰ, ਭਾ: ਬਚਿੱਤਰ ਸਿੰਘ ਜੀ, ਭਾ: ਉਧੇ ਸਿੰਘ ਜੀ ਆਦਿ ਅਨਗਿਣਤ ਸੂਰਮਿਆਂ ਦੀ ਪਿਆਰੀ ਰਣਭੂਮੀ ਅਨੇਕਾਂ ਸ਼ਹੀਦਾਂ ਦੇ ਖ਼ੂਨ ਨਾਲ ਸਿੰਜੀ ਹੋਈ ਧਰਤੀ, ਭਾ: ਗੁਰਬਖਸ਼ ਸਿੰਘ ਜੀ ਆਦਿ ਬ੍ਰਹਮ ਗਿਆਨੀਆਂ ਦਾ ਇਹ ਸੱਚ ਖੰਡ, ਸੱਚੇ ਪਾਤਸ਼ਾਹ ਜੀ ਦੇ ਨਿਜੀ ਸ਼ਸਤਰਾਂ ਅਤੇ ਗੁਰਧਾਮਾਂ ਦੇ ਏਥੇ ਦੀਦਾਰੇ ਕਰਨ ਲਈ ਇਸ ਧਰਤੀ ਦੀ ਜ਼ਰੂਰ ਯਾਤਰਾ ਕਰੋ ਤੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ।

### ਸਮਾਗਮ ਦਾ ਪ੍ਰੋਗਰਾਮ

| ਮਿਤੀ ਅਤੇ ਦਿਨ | ਸਮਾਂ | ਪ੍ਰੋਗਰਾਮ ਦਾ ਵੇਰਵਾ | ਅਸਥਾਨ |
|---|---|---|---|
| ੨੭—੨—੭੨ | ੪-੫ ਸਵੇਰੇ | ਨਿਤ ਨੇਮ | ਖ਼ਾਲਸਾ ਕਾਲਜ ਸ੍ਰੀ ਅਨੰਦਪੁਰ |
| (ਐਤਵਾਰ) | ੫-੧੧ ਸਵੇਰੇ | ਕੀਰਤਨ । ਉਪ੍ਰੰਤ ਸ੍ਰੀ ਅਖੰਡ ਪਾਠ ਅਰੰਭ | ,, |
| | ੨ ਵਜੇ ਦੁਪਹਿਰ | ਅਰੰਭ ਨਗਰ ਕੀਰਤਨ | ਸਮਾਪਤੀ ਕਿਲ੍ਹਾ ਸ੍ਰੀ ਅਨੰਦ ਗੜ੍ਹ ਸਾਹਿਬ । |
| ੨੮—੨—੭੨ | ੪-੫ ਸਵੇਰੇ | ਨਿਤਨੇਮ | ਖਾਲਸਾ ਕਾਲਜ । |
| (ਸੋਮਵਾਰ) | ੫--੧ ਦੁਪਹਿਰ | ਕੀਰਤਨ | ,, ,, |
| | ੬–੯ ਸ਼ਾਮ | ਸੋਦਰ ਦੀ ਚੌਕੀ | ਤਖਤ ਸ੍ਰੀ ਕੇਸਗੜ੍ਹ ਸਾਹਿਬ |
| ੨੯—੨—੭੨ | ੪--੫ ਸਵੇਰੇ | ਨਿਤਨੇਮ | ਖ਼ਾਲਸਾ ਕਾਲਜ । |
| (ਮੰਗਲਵਾਰ) | ੫ ਵਜੇ ਸਵੇਰੇ | ਭੋਗ ਸ੍ਰੀ ਅਖੰਡ ਪਾਠ । | ,, |
| | ੫--੧ ਦੁਪਹਿਰ | ਕੀਰਤਨ | ,, |



www.AKJ.Org

| | | | |
|---|---|---|---|
| | ਦੁਪਹਿਰ | ਅੰਮ੍ਰਿਤ ਸੰਚਾਰ | ਖ਼ਾਲਸਾ ਕਾਲਜ |
| | ੭ ਵਜੇ ਸ਼ਾਮ | ਅਰੰਭ ਕੀਰਤਨ ਰੈਣ ਸਬਾਈ | ,, |
| ੧—੩—੭੨ | ੪ ਵਜੇ ਸਵੇਰੇ | ਸਮਾਪਤੀ ਰੈਣ ਸਬਾਈ | ਖਾਲਸਾ ਕਾਲਜ। |
| (ਬੁਧਵਾਰ) | ੪-੩੦ ਤੋਂ ੭-੩੦ ਸਵੇਰੇ | ਕੀਰਤਨ ਸ੍ਰੀ ਆਸਾ ਜੀ ਦੀ ਵਾਰ | ਤਖ਼ਤ ਸ੍ਰੀ ਕੇਸਗੜ੍ਹ ਸਾਹਿਬ |

੧. ਖਾਲਸਾ ਕਾਲਜ ਰੋਪੜ ਸ੍ਰੀ ਅਨੰਦਪੁਰ ਸਾਹਿਬ ਦੀ ਸੜਕ ਉਤੇ ਹੈ । ਜਥੇ ਦੀ ਰਿਹਾਇਸ਼ ਲੰਗਰ ਅਤੇ ਕੀਰਤਨ ਦਾ ਪ੍ਰਬੰਧ ਇਸੇ ਕਾਲਜ ਵਿਚ ਹੀ ਹੋਵੇਗਾ ।

੨. ਬਿਸਤਰਾ ਜ਼ਰੂਰ ਲੈ ਕੇ ਆਉਣਾ ਜੀ, ਇਕ ਗਲਾਸ ਜਾਂ ਗੜਵੀ ਹਰ ਇਕ ਸਜਨ ਲੈ ਕੇ ਆਉਣ ਦੀ ਕਿਰਪਾ ਕਰੇ । ਇਹ ਪਰੋਗਰਾਮ ਆਪਣੇ ਜਥੇ ਦੇ ਪਿਆਰਿਆਂ ਨੂੰ ਪਹੁੰਚਾਣ ਦੀ ਕਿਰਪਾ ਕਰਨੀ ਜੀ ।

ਨੋਟ :—ਸਾਰਿਆਂ ਸਜਨਾਂ ਦੀ ਸੇਵਾ ਵਿਖੇ ਬੇਨਤੀ ਕੀਤੀ ਜਾਂਦੀ ਹੈ ਕਿ ੨੯ ਫ਼ਰਵਰੀ ੧੯੭੨ ਤਕ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਵਿਖੇ ਪੁਜ ਜਾਣ ਤਾਂ ਕਿ ਕਮਰਿਆਂ ਵਿਚ ਰਿਹਾਇਸ਼ ਮਿਲ ਸਕੇ । ਪਿਛੋਂ ਪੁਜਣ ਵਾਲੇ ਸਜਨਾਂ ਨੂੰ ਤੰਬੂਆਂ ਵਿਖੇ ਨਿਵਾਸ ਕਰਨਾ ਪਵੇਗਾ । ਤੰਬੂਆਂ ਵਿਚ ਨਿਵਾਸ ਕਰਨ ਲਈ ਬਿਸਤਰਿਆਂ ਨਾਲ ਆਪਣੀਆਂ ਫ਼ਾਲਤੂ ਛੋਟੀਆਂ ਫ਼ਰਸ਼ੀ ਦਰੀਆਂ ਲਿਆਉਣ ਦੀ ਕਿਰਪਾਲਤਾ ਕਰਨੀ ।

ਸੰਗਤਾਂ ਦਾ ਦਾਸ :—

ਹਰਿਚਰਨ ਸਿੰਘ ੨੨੩, ਸੈਕਟਰ ੬, ਚੰਡੀਗੜ੍ਹ

---

# ਕੈਪਟਨ ਮਨਜੀਤ ਸਿੰਘ ਜੀ ਦੀ ਸ਼ਹੀਦੀ

ਗੁਰਮੁਖ ਪਿਆਰੇ ਸ੍ਰੀ ਬਾਬੂ ਮਲ ਸਿੰਘ ਜੀ ਦੇ ਦੋਹਤਰੇ ਕੈਪਟਨ ਮਨਜੀਤ ਸਿੰਘ ਜੀ 13 ਦਸੰਬਰ, 1971 ਦੁਪਹਿਰ ਵੇਲੇ ਹਿੰਦੁਸਤਾਨ ਤੇ ਪਾਕਿਸਤਾਨ ਦੀ ਜੰਗ ਵਿਚ ਸ਼ਹੀਦੀ ਪ੍ਰਾਪਤ ਕਰ ਗਏ । ਆਪ ਜੀ ਦੀ ਆਯੂ 26 ਸਾਲ ਦੀ ਸੀ । ਕਾਕਾ ਜੀ ਸਿੱਖੀ ਵਿਚ ਪ੍ਰਪੱਕ ਸਨ । ਉਨ੍ਹਾਂ ਨਮਿਤ ਰਖੇ ਹੋਏ ਅਖੰਡ ਪਾਠ ਦਾ ਭੋਗ ਸ੍ਰੀ ਬਾਬੂ ਮਲ ਸਿੰਘ ਜੀ ਦੇ ਗ੍ਰਿਹ ਵਿਖੇ ਪਿਆ ਤੇ ਉਪਰੰਤ ਵੈਰਾਗਮਈ ਕੀਰਤਨ ਹੋਇਆ । ਬੇਸ਼ੁਮਾਰ ਸੰਗਤਾਂ ਹਾਜ਼ਰ ਸਨ । ਕੈਪਟਨ ਸਾਹਿਬ ਦੀ ਪਲਟਨ ਦੇ ਵੀ ਕਈ ਸਜਣ ਪਹੁੰਚੇ ਸਨ । ਕਾਕਾ ਜੀ ਦੀ ਰੂਹ ਦੀ ਕਲਿਆਣ ਲਈ ਅਰਦਾਸਾ ਹੋਇਆ । ਬੇਅੰਤ ਮਾਇਆ ਧਰਮ ਕਾਰਜਾਂ ਲਈ ਅਰਦਾਸ ਹੋਈ । 'ਸੂਰੇ' ਲਈ ਪੱਚੀ ਦਮੜੇ ਆਏ ।

ਸਤਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ ।

---



www.AKJ.Org

# ਗੁਰੂ ਨਾਨਕ ਆਮਦ ਨਰਾਇਨ ਸਰੂਪ

(ਭਾਈ ਨੰਦ ਲਾਲ ਜੀ)

( ਵਲੋਂ :--ਭਾ: ਤਾਰਾ ਸਿੰਘ ਜ਼ੀ, ਹੈਡਮਾਸਟਰ )

ਮਨੁੱਖ ਅਸ਼ਰਫਉਲ-ਮਖਲੂਕਾਤ ਹੈ । ਇਹ ਅਕਾਲ ਪੁਰਖ ਦਾ ਪਿਆਰਾ ਪੁੱਤਰ ਹੈ। ਇਸ ਸੰਸਾਰ ਵਿਚ ਆ ਕੇ ਅਕਾਲ ਪੁਰਖ ਦਾ ਇਹ ਪਿਆਰਾ ਪੁੱਤਰ ਆਪਣੇ ਰਚਨਹਾਰ, ਆਪਣੇ ਜੋਤਿ-ਸਰੂਪ ਨੂੰ ਭੁਲ ਕੇ ਉਸਦੀ ਰਚੀ ਮਾਇਆ ਦੇ ਭਰਮ ਭੁਲੇਖੇ ਵਿਚ ਪੈ ਜਾਂਦਾ ਹੈ। ਅਤੇ ਕਈ ਵਾਰ ਤਾਂ ਦ੍ਰਿਸਟਮਾਨ ਦਾ ਪ੍ਰਭਾਵ ਇਤਨਾ ਜ਼ਿਆਦਾ ਪੈਂਦਾ ਹੈ ਕਿ ਮਨੁੱਖ ਇਹ ਭੁੱਲ ਹੀ ਜਾਂਦਾ ਹੈ ਕਿ ਇਹ ਨਾਸ਼ਮਾਨ ਹੈ ਅਤੇ 'ਦ੍ਰਿਸਟਮਾਨ ਹੈ ਸਗਲਿ ਮਿਥੇਨਾ' ਬਾਰੇ ਸੋਚਣ ਦੀ ਉਸ ਨੂੰ ਵਿਹਲ ਹੀ ਨਹੀਂ ਮਿਲਦੀ। ਉਸ ਦੀ ਹਾਲਤ 'ਮਾਖੀ ਮੀਠੇ ਮਰਨਾ' ਵਾਲੀ ਹੋ ਜਾਂਦੀ ਹੈ। ਅਤੇ ਮਾਇਆ ਦੇ ਇਸ ਮਿਠੇ ਮੋਹ ਵਿਚ ਫਸ ਕੇ ਉਹ 'ਇਹ ਜਗ ਮਿਠਾ ਅਗਲਾ ਕਿਨ ਡਿੱਠਾ' ਜੈਸੇ ਅਖਾਣ ਵੀ ਘੜ ਲੈਂਦਾ ਹੈ ਤਾਕਿ ਆਪਣੇ ਮਨ ਨੂੰ ਝੂਠੀ ਤਸਲੀ ਦੇ ਸਕੇ ਅਤੇ ਆਪਣੀ 'ਲੋਭਿ-ਲਹਿਰ' ਦੀ 'ਸੁਆਨ—ਹਲਕ' ਨੂੰ ਪੂਰਾ ਕਰਨ ਲਈ Justification ਵੀ ਲੱਭ ਸਕੇ ।

ਜਦੋਂ ਮਨੁੱਖ ਦੀ ਹਾਲਤ ਉਪਰੋਕਤ ਅਧੋਗਤੀ ਵਾਲੀ ਹੋ ਜਾਂਦੀ ਹੈ ਤਾਂ ਅਕਾਲ-ਪੁਰਖ ਨੂੰ ਆਪ ਇਸ ਤੇ ਤਰਸ ਆਉਂਦਾ ਹੈ ਅਤੇ ਉਹ ਆਪ ਮਨੁੱਖੀ ਜਾਮੇ ਵਿਚ ਪ੍ਰਗਟਿ ਹੋ ਕੇ ਇਸ ਦੀ ਅਗਵਾਈ ਕਰਦਾ ਹੈ। ਇਸ ਨੂੰ ਚਾਨਣ ਦੀ ਰਿਸ਼ਮ ਵਿਖਾਉਂਦਾ ਹੈ। ਇਸ ਨੂੰ ਗਿਆਨ ਬਖਸ਼ਦਾ ਹੈ । ਇਸ ਤੇ ਦਇਆ ਕਰਦਾ ਹੈ। ਇਸ ਨੂੰ ਜੀਅ-ਦਾਨ ਦਿੰਦਾ ਹੈ।

ਅਰਜਨ ਨੂੰ ਜਦੋਂ ਇਸੇ ਕਿਸਮ ਦੇ ਮਨੁੱਖੀ ਮੋਹ ਅਤੇ ਸਕੇ-ਸਬੰਧੀਆਂ ਦੇ ਮੋਹ ਨੇ ਭਰਮ ਭੁਲੇਖੇ ਵਿਚ ਪਾਇਆ ਤਾਂ ਸ੍ਰੀ ਕ੍ਰਿਸ਼ਨ ਜੀ ਨੇ ਗੀਤਾ ਰਾਹੀਂ ਉਪਦੇਸ਼ ਕਰਕੇ ਉਸਦਾ ਭੁਲੇਖਾ ਦੂਰ ਕੀਤਾ । ਗੌਤਮ ਨੂੰ ਜਦੋਂ ਸੰਸਾਰ ਦੁੱਖਾਂ ਦਾ ਘਰ ਅਤੇ ਤ੍ਰਿਸ਼ਨਾਵਾਂ ਦੁੱਖਾਂ ਦੇ ਕਾਰਨ ਪ੍ਰਤੀਤ ਹੋਈਆਂ ਤਾਂ ਉਸ ਨੇ ਰਾਜ ਭਾਗ ਦੇ ਸੁੱਖਾਂ ਨੂੰ ਤਿਲਾਂਜਲੀ ਦੇ ਕੇ ਮਨ ਦੀ ਸ਼ਾਂਤੀ ਲੱਭਣ ਦੇ ਯਤਨ ਅਰੰਭ ਕੀਤੇ ਅਤੇ ਕਈ ਸਾਲਾਂ ਦੀ ਕਠਨ ਤਪਸਿਆ ਉਪਰੰਤ ਰੌਸ਼ਨੀ ਦੀ ਸੂਖਸ਼ਮ ਕਿਰਨ ਪ੍ਰਾਪਤ ਕੀਤੀ। ਪ੍ਰੰਤੂ ਉਹ ਕਿਰਨ ਬੁੱਧ ਦੇ ਜੀਉਂਦੇ ਜੀਅ ਹੀ ਰੌਸ਼ਨੀ ਦਿੰਦੀ ਰਹੀ ਅਤੇ ਬੁੱਧ ਜੀ ਦੇ ਨਿਰਵਾਨ ਪ੍ਰਾਪਤੀ ਉਪਰੰਤ ਉਹਨਾਂ ਦੇ ਮੁੱਖੀ ਚੇਲੇ ਅਨੰਦ ਨੇ ਇਹ ਸ਼ਬਦ ਆਖੇ 'ਹੇ ਗੁਰਦੇਵ ਆਪ ਜੀ ਦੇ ਅਲੋਪ ਹੋਣ ਉਪਰੰਤ ਸਾਨੂੰ ਰੋਸ਼ਨੀ ਕਿਥੋਂ ਪ੍ਰਾਪਤ ਹੋਵੇਗੀ ?' ਅਤੇ ਮਹਾਤਮਾ ਅਨੰਦ ਜੀ ਦੀ ਇਹ ਗੱਲ ਸਚੀ ਹੋਈ ਅਤੇ ਬੁੱਧ ਦੇ ਨਿਰਵਾਨ ਪ੍ਰਾਪਤੀ ਉਪਰੰਤ ਬੁੱਧ ਧਰਮ ਜਲਦੀ ਭਾਰਤ ਵਿਚੋਂ ਅਲੋਪ ਹੀ ਹੋ ਗਿਆ।

ਇਸੇ ਤਰ੍ਹਾਂ ਅਨੇਕਾਂ ਹੋਰ ਰਿਸ਼ੀ-ਮੁਨੀ, ਪੀਰ-ਪੈਗੰਬਰ, ਸੰਤ ਅਤੇ ਔਲੀਆ ਪ੍ਰਗਟ ਹੋਏ ਪ੍ਰੰਤੂ ਹਰ ਇਕ ਦੇ ਅਲੋਪ ਹੋਣ ਉਪਰੰਤ ਉਸਦੀ ਘਾਟ ਉਸ ਫਿਰਕੇ ਨੂੰ ਪ੍ਰਤੀਤ ਹੋਈ ਅਤੇ ਮਨੁੱਖ ਨੇ ਥੋੜ੍ਹੀ ਦੇਰ ਰੌਸ਼ਨੀ



www.AKJ.Org

ਪ੍ਰਾਪਤ ਕਰਨ ਉਪਰੰਤ ਫੇਰ ਉਸੇ ਤਰ੍ਹਾਂ ਹਨੇਰੇ ਵਿਚ ਭਟਕਣਾ ਅਰੰਭ ਕਰ ਦਿੱਤਾ।

ਇਸ ਮਨੁੱਖੀ ਬਿਹਬਲਤਾ ਨੂੰ ਦੂਰ ਕਰਨ ਲਈ ਅਤੇ ਸਰਬ-ਸੰਸਾਰ ਨੂੰ ਇਕ ਸਿਧਾ-ਸਥਿਰ ਗਾਡੀ ਰਾਹ ਦਿਖਾਉਣ ਲਈ ਕਲਿਜੁਗ ਦੇ ਉਧਾਰ ਲਈ ਰੋਸ਼ਨੀ ਨੂੰ ਸਦੀਵੀ ਕਰਨ ਲਈ ਅਕਾਲ ਪੁਰਖ ਆਪ ਗੁਰੂ ਨਾਨਕ ਸਾਹਿਬ ਦਾ ਜਾਮਾ ਧਾਰ ਕੇ ਇਸ ਸੰਸਾਰ ਤੇ ਆਇਆ। ਇਸੇ ਵਾਸਤੇ ਭਾਈ ਗੁਰਦਾਸ ਜੀ ਨੇ ਫੁਰਮਾਇਆ ਕਿ :—

'ਸੁਣੀ ਪੁਕਾਰਿ ਦਾਤਾਰਿ ਪ੍ਰਭੁ,
ਗੁਰ ਨਾਨਕ ਜਗਿ ਮਾਹਿ ਪਠਾਇਆ। ਅਤੇ
ਕਲਿ ਤਾਰਣਿ ਗੁਰ ਨਾਨਕ ਆਇਆ।'

ਅਤੇ ਭਾਈ ਨੰਦ ਲਾਲ ਜੀ ਨੇ ਵਰਨਣ ਕੀਤਾ ਕਿ ਨਾਰਾਇਣ ਆਪ ਸਰੂਪ ਧਾਰ ਕੇ ਗੁਰੂ ਨਾਨਕ ਦੇ ਰੂਪ ਵਿਚ ਪ੍ਰਗਟਿ ਹੋਇਆ।

'ਗੁਰੂ ਨਾਨਕ ਆਮਦ ਨਰਾਇਨ ਸਰੂਪ,
ਹੁਮਾਨਾ ਨਿਰੰਜਨ ਨਿਰੰਕਾਰ ਰੂਪ।'

ਉਸ ਦਾ ਰੂਪ ਨਿਰੰਜਨ ਤੇ ਨਿਰੰਕਾਰ ਵਰਗਾ ਸੀ।

ਇਸੇ ਤਰ੍ਹਾਂ ਦਸ-ਗੁਰ ਜਤਾਂ ਵਿਚ ਗੁਰੂ ਨਾਨਕ ਸਾਹਿਬ ਦਾ ਰੂਪ ਅਤੇ ਸਰੂਪ ਪ੍ਰਤੱਖ ਸੀ। ਗੁਰੂ ਅੰਗਦ ਦੇਵ ਜੀ ਬਾਰੇ ਭਾਈ ਸਤੇ ਬਲਵੰਡੇ ਦੀ ਉਗਾਹੀ ਪੇਸ਼ ਹੋ ਕੇ ਇਹ ਉਹੀ ਗੁਰੂ ਨਾਨਕ ਦੀ ਜੋਤਿ ਹੈ ਅਤੇ ਉਸੇ ਜੁਗਤੀ ਨਾਲ ਕਲਿਜੁਗ ਦਾ ਉਧਾਰ ਕਰ ਰਹੇ ਹਨ :—

'ਜੋਤਿ ਉਹਾ ਜੁਗਤਿ ਸਾਇ,
ਸਹਿ ਕਾਇਆ ਫੇਰਿ ਪਲਟੀਐ॥' ਅਤੇ
'ਲਹਣ ਧਰਿਓਨ ਛਤੁ ਸਿਰਿ
ਕਰਿ ਸਿਫਤੀ ਅੰਮ੍ਰਿਤ ਪੀਵਦੈ।'

ਭਾਈ ਗੁਰਦਾਸ ਵੀ ਲਿਖਦੇ ਹਨ :—

'ਜੋਤੀ ਜੋਤਿ ਮਿਲ ਇਕੈ,
ਸਤਿਗੁਰ ਨਾਨਕ ਰੂਪ ਵਟਾਇਆ।
ਕਾਇਆ ਪਲਟਿ ਸਰੂਪ ਬਣਾਇਆ।'

ਗੁਰੂ ਅਮਰ ਦਾਸ ਬਾਰੇ ਭੱਟਾਂ ਦੀ ਉਗਾਹੀ ਹੈ :—

'ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ।
ਪਿਯੂ ਦਾਦੇ ਜੇਵਿਹਾ ਪੋਤਾ ਪ੍ਰਵਾਣੁ। ਅਤੇ

ਭਾਈ ਗੁਰਦਾਸ ਜੀ ਦੀ ਉਗਾਹੀ ਉਨ੍ਹਾਂ ਬਾਰੇ ਇਸ ਤਰ੍ਹਾਂ ਹੈ : -

'ਲਹਣੇ ਪਾਈ ਨਾਨਕੋਂ,
ਦੇਣੀ ਅਮਰਦਾਸ ਘਰ ਆਈ।'

ਭਾਵ ਜਿਸ ਤਰ੍ਹਾਂ ਦਾ ਦਾਦਾ ਗੁਰੂ ਨਾਨਕ ਦੇਵ ਜੀ ਸੀ ਅਤੇ ਪਿਤਾ ਗੁਰ ਅੰਗਦਿ ਦੇਵ ਸੀ, ਉਸੇ ਤਰ੍ਹਾਂ ਦਾ ਪੋਤਰਾ ਗੁਰੂ ਅਮਰਦਾਸ ਬਣ ਕੇ ਅਕਾਲ ਪੁਰਖ ਦੀ ਦਰਗਾਹ ਵਿਚ ਪ੍ਰਵਾਣ ਹੋਇਆ ਹੈ। ਅਤੇ ਜੋ ਜੋਤਿ ਅਤੇ ਜੁਗਤਿ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਤੋਂ ਪ੍ਰਾਪਤ ਕੀਤੀ ਸੀ ਉਹੀ ਗੁਰੂ ਅਮਰਦਾਸ ਜੀ ਦੇ ਘਰ ਵਿਚ ਦੇ ਦਿੱਤੀ ਗਈ।

ਇਸੇ ਤਰ੍ਹਾਂ ਗੁਰੂ ਰਾਮ ਦਾਸ ਜੀ ਬਾਰੇ ਸਤੇ ਬਲ-ਵੰਡੇ ਦੀ ਉਗਾਹੀ ਹੈ :—

'ਨਾਨਕ ਤੂ, ਲਹਣਾ ਤੂ ਹੈਂ,
ਗੁਰ ਅਮਰ ਤੂ ਵੀਚਾਰਿਆ।'

ਅਤੇ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰੂ ਰਾਮ ਦਾਸ ਜੀ :—

'ਗੁਰ ਅਮਰਹੁ ਗੁਰੂ ਰਾਮਦਾਸ,
ਜੋਤੀ ਜੋਤਿ ਜਗਾਇ ਜੁਹਾਰਾ।'

ਜਾਂ ਪੜਪੋਤਾ ਵੀ ਪੜਦਾਦੇ ਵਰਗਾ ਹੀ ਹੈ :—

'ਪਿਯੂ ਦਾਦੇ ਜਿਵੇਹਾ, ਪੜਦਾਦੇ ਪ੍ਰਵਾਣ ਪੜੋਤਾ।'

ਭਾਵ ਗੁਰੂ ਰਾਮ ਦਾਸ ਆਪਣੇ ਪੜਦਾਦੇ (ਗੁਰੂ ਨਾਨਕ) ਵਰਗਾ ਹੀ ਹੈ ਅਤੇ ਪੜਦਾਦੇ ਨੂੰ ਪ੍ਰਵਾਣ ਪੜਪੋਤਾ ਹੈ।' 'ਦੀਨ ਦੁਨੀ ਦਾ ਥੰਮਿ ਹੈ' ਅਤੇ



www.AKJ.Org

,ਬਾਬਾਣੇ ਕੁਲਿ ਕਵਲ ਅਛੋਤਾ' ਹਨ ।

ਗੁਰੂ ਅਰਜਨ ਬਾਰੇ ਫੁਰਮਾਨ ਹੈ :—

'ਪਿਉ ਦਾਦਾ ਪੜਦਾਦਿਅਹੁ,
ਕੁਲ ਦੀਪਕੁ ਅਜਰਾਵਰ ਲੱਤਾ ।'

ਉਸੇ ਕੁਲ ਦਾ 'ਦੀਪਕ-ਨੱਤਾ' (ਪੰਜਵੀਂ ਪੀੜ੍ਹੀ) ਗੁਰੂ ਅਰਜਨ ਦੇਵ ਜੀ ਹਨ ਅਤੇ ਗੁਰੂ ਹਰਿਗੋਬਿੰਦ ਜੀ ਬਾਰੇ ਆਪ ਗੁਰੂ ਅਰਜਨ ਦੇਵ ਜੀ ਫੁਰਮਾਂਦੇ ਹਨ :—

'ਜੰਮਿਆ ਪੂਤਿ ਭਗਤਿ ਗੋਬਿੰਦ ਕਾ ।   ਜਾਂ
'ਵਧੀ ਵੇਲਿ ਬਹੁ ਪੀੜੀ ਚਾਲੀ ।
ਧਰਮ ਕਲਾ ਹਰਿ ਬੰਧਿ ਬਹਾਲੀ ।'   ਜਾਂ
'ਪੰਜ ਪਿਆਲੇ ਪੰਜ ਪੀਰ ਛਠਮਿ
ਪੀਰ ਬੈਠਾ ਗੁਰਭਾਰੀ ।
ਅਰਜਨ ਕਾਇਆ ਪਲਟਿ ਕੈ
ਮੂਰਤਿ ਹਰਿਗੋਬਿੰਦ ਸਵਾਰੀ ।'

ਭਾਈ ਗੁਰਦਾਸ ਜੀ ਦੀ ਉਗਾਹੀ ਹੈ ਇਸੇ ਤਰ੍ਹਾਂ:—

'ਹਕੇ ਪਰਵਰ ਹਕ ਪੇਸ਼ ਗੁਰੂ ਕਰਤਾ ਹਰਰਾਇ ।
ਹਕ ਵਾਸਫ਼ਿ ਅਕਰਾਮ ਗੁਰੂ ਕਰਤਾ ਹਰਰਾਇ ।'

ਭਾਵ ਅਕਾਲ ਪੁਰਖ ਵੀ ਗੁਰੂ ਹਰਰਾਇ ਸਾਹਿਬ ਜੀ ਦੀ ਉਸਤਤਿ ਕਰਨ ਵਾਲਾ ਹੈ । ਅਤੇ ਗੁਰੂ ਹਰ-ਰਾਇ ਸਾਹਿਬ ਅਕਾਲ ਪੁਰਖ ਦੀ ਹੀ ਜੋਤਿ ਹਨ । ਇਸੇ ਤਰ੍ਹਾਂ ਗੁਰੂ ਹਰਿ-ਕ੍ਰਿਸ਼ਨ ਜੀ ਵਿਚ ਅਤੇ ਅਕਾਲ ਪੁਰਖ ਵਿਚ ਸਿਰਫ ਵਰਕ ਦਾ ਹੀ ਫਰਕ ਹੈ । ਭਾਈ ਨੰਦ ਲਾਲ ਜੀ ਦੀ ਉਗਾਹੀ ਇਸ ਪ੍ਰਕਾਰ ਹੈ :—

'ਗਿਆਨਿ ਹੱਕ ਵ ਓ ਫਸਾਲ-ਉਲ-ਵਰੱਕ ।
ਵਜੂਦਸ਼ ਹਮਾ ਫਸਲੋ ਅਫ਼ਜਾਲਿ-ਹੱਕ ।'   ਜਾਂ

ਉਹੀ ਗੁਰੂ ਨਾਨਕ ਹੈ । ਉਹੀ ਗੁਰੂ ਤੇਗ ਬਹਾਦਰ ਹੈ ਅਤੇ ਉਹੀ ਗੁਰੂ ਗੋਬਿੰਦ ਸਿੰਘ ਹੈ ।

'ਹਮੋ ਨਾਨਕ ਅਸਤ ਹਮੋ ਅੰਗਦ ਅਸਤੋ ।
ਹਮੋ ਅਸਤ ਤੇਗੋ ਬਹਾਦਰ ਗੁਰੂ ।
ਕਿ ਗੋਬਿੰਦ ਸਿੰਘ ਆਮਦ ਅਜ਼ ਨੂਰਿਊ ।'

ਉਸੇ ਨੂਰ ਤੋਂ (ਅਕਾਲ ਪੁਰਖ) ਗੁਰੂ ਨਾਨਕ, ਗੁਰੂ ਅੰਗਦ, ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਜੀ ਪ੍ਰਗਟ ਹੋਏ ।

'ਉਹ ਗੁਰ ਗੋਬਿੰਦ ਹੋਇ ਪ੍ਰਗਟਿਆ
ਦਸਵੇਂ ਅਵਤਾਰਾ ।'

ਉਸੇ ਜੋਤਿ ਨੇ ਆਪਣਾ ਤੀਜਾ ਪੰਥਿ ਪ੍ਰਾਰੰਭ ਕੀਤਾ

'ਇਉ ਤੀਸਰ ਪੰਥ ਚਲਾਇਅਨ ਵਡ ਸੂਰ ਗਹੇਲਾ ।
ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੂ ਚੇਲਾ ।।'

ਅਤੇ ਉਹੀ ਜੋਤਿ ਖਾਲਸੇ ਵਿਚ ਵਿਦਮਾਨ ਹੈ

'ਪੂਰਨ ਜੋਤਿ ਜਗੈ ਘਟਿ ਮੈਂ
ਤਬਿ ਖਾਲਸਾ ਤਾਹਿ ਨ ਖਾਲਸ ਜਾਨੈ ।'   ਅਤੇ
'ਖਾਲਸਾ ਮੇਰੋ ਰੂਪ ਹੈ ਖਾਸ ।
ਖਾਲਸੇ ਮਹਿ ਹੋ ਕਰਉ ਨਿਵਾਸ ।'

ਉਹੀ ਜੋਤਿ ਗੁਰੂ ਗਰੰਥ ਸਾਹਿਬ ਰਾਹੀਂ ਪ੍ਰਗਟ ਹੈ ।

'ਬਾਣੀ ਗੁਰੂ, ਗੁਰੂ ਹੈ ਬਾਣੀ
ਵਿਚ ਬਾਣੀ ਅੰਮ੍ਰਿਤ ਸਾਰੇ ।
ਗੁਰੂ ਬਾਣੀ ਕਹੈ ਸੇਵਕ ਜਨੁ
ਮਾਨੈ ਪ੍ਰਤਖਿ ਗੁਰੂ ਨਿਸਤਾਰੇ !'

ਗੁਰੂ ਗੋਬਿੰਦ ਸਿੰਘ ਜੀ ਦਾ ਖਾਸੁਲ-ਖਾਸ ਹੁਕਮ ਹੈ ਕਿ—

'ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਉ ਗਰੰਥ ।

ਇਸ ਹੁਕਮ ਦੀ ਉਲੰਘਣਾ ਕਰਨ ਵਾਲਾ ਸਿੱਖ ਅਤੇ ਦੇਹਧਾਰੀ ਗੁਰੂਆਂ ਪਿਛੇ ਭਟਕਣ ਵਾਲਾ ਸਿੱਖ ਮਨਮੁਖ ਹੈ, ਗੁਰਮੁਖ ਨਹੀਂ ਅਖਵਾ ਸਕਦਾ । ਗੁਰੂ ਨਾਨਕ ਦਾ ਪੈਰੋਕਾਰ ਨਹੀਂ ਹੋ ਸਕਦਾ । ਗੁਰੂ ਨਾਨਕ ਦੀ ਜੋਤਿ ਅਜ ਵੀ ਬਾਣੀ ਦੇ ਰੂਪ ਵਿਚ ਗੁਰੂ ਗਰੰਥ ਸਾਹਿਬ ਵਿਚ ਵਿਦਮਾਨ ਹੈ ਅਤੇ ਇਸ ਵਿਚ ਗੁਣਹੀਨ ਮਨੁੱਖਾਂ ਨੂੰ ਨਿਸਤਾਰਨ ਦਾ ਬਲ ਹੈ ਅਤੇ ਸਮਰਥਾ ਹੈ :—



www.AKJ.Org

'ਸਤਿਗੁਰ ਬਚਨ ਤੁਮਾਰੇ । ਨਿਰਗੁਣ ਨਿਸਤਾਰੇ ।'
ਮਹਾਂ ਬਿਖਾਦੀ, ਦੁਸਟਿ ਅਪਵਾਦੀ
ਤੇ ਪੁਨੀਤ ਸੰਗਾਰੇ ।
ਜਨਮਿ ਭਵੰਤੇ ਨਰਕ ਪੜੰਤੇ
ਤਿਨ ਕੇ ਕੁਲਿ ਉਧਾਰੇ ।'

ਜਨਮਾਂ ਵਿਚ ਭਉਂਦਿਆਂ ਨੂੰ ਅਤੇ ਨਰਕਾਂ ਵਿਚ ਪੈਂਦਿਆਂ ਨੂੰ ਇਹ ਬਾਣੀ ਨਿਸਤਾਰ ਸਕਦੀ ਹੈ । ਉਹਨਾਂ ਦੇ ਕੁਲ ਤਾਰ ਸਕਦੀ ਹੈ ।

'ਧੁਰ ਕੀ ਬਾਣੀ ਆਈ ।
ਤਿਨ ਸਗਲੀ ਚਿੰਤ ਮਿਟਾਈ ॥'

ਇਹ ਧੁਰੋਂ ਆਈ ਅਕਾਲ ਪੁਰਖ ਦੀ ਅਕਾਲੀ ਬਾਣੀ ਸਾਰੀਆਂ ਚਿੰਤਾਵਾਂ ਅਤੇ ਰੋਗਾਂ ਸੋਗਾਂ ਨੂੰ ਮਿਟਾਉਣ ਦੇ ਸਮਰਥ ਹੈ । ਗੁਰਬਾਣੀ ਗਾਵਹੁ ਭਾਈ ਉਹ ਸਫਲਿ ਸਦਾ ਸੁਖਦਾਈ । ਚਹੁ ਜੁਗਾਂ ਕਾ ਹੁਣਿ ਨਿਬੇੜਾ ਨਰ ਮਨੁੱਖਾਂ ਨੇ ਏਕਿ ਨਿਧਾਨਾ । ਜਤਿ ਸੰਜਮਿ ਤੀਰਥਿ ਓਨਾਂ ਜੁਗਾ ਕਾ ਧਰਮਿ ਹੈ ਕੁਲਿ ਮਹਿ ਕੀਰਤੇ ਹਰ ਨਾਮਾ । ਕਲਿਜੁਗ ਵਿਚ ਸਿਰਫ ਗੁਰਬਾਣੀ ਦਾ ਕੀਰਤਨ ਕਰਨਾ ਹੀ ਸਰਬ ਸ਼੍ਰੇਸ਼ਟ ਧਰਮ ਹੈ । ਜਤ ਰੱਖਣਾ, ਸੰਜਮ ਕਰਨਾ ਅਤੇ ਤੀਰਥਾਂ ਤੇ ਇਸ਼ਨਾਨ ਕਰਨੇ ਕਲਿਜੁਗਿ ਵਿਚ ਕਿਸੇ ਲੇਖੇ ਨਹੀਂ ਕਿਉਂਕਿ ਇਹ ਉਹਨਾਂ ਬੀਤ ਚੁਕੇ ਜੁਗਾਂ (ਸਤਿਜੁਗ, ਤਰੇਤਾ ਅਤੇ ਦੁਆਪੁਰ) ਦਾ ਧਰਮ ਹੋਇਆ ਕਰਦੇ ਸਨ । ਰਤਨ ਪਦਾਰਥਾਂ ਦਾ ਖਜ਼ਾਨਾ ਉਹਨਾਂ ਦੇ ਹੱਥ ਲਗਦਾ ਹੈ ਜੋ ਗੁਰਬਾਣੀ ਵਲ ਲਗਦੇ ਹਨ ।

'ਗੁਰਬਾਣੀ ਲਾਗੇ ਤਿਨ ਹਥਿ ਚੜਿਆ
ਨਿਰਮੋਲਕ ਰਤਨੁ ਅਪਾਰਾ ।'

(ਗੁਰ ਰਾਮਦਾਸ ਜੀ)

ਅਤੇ ਕਲਿਜੁਗ ਦਾ ਧਰਮ ਗੁਰਬਾਣੀ ਦਾ ਕੀਰਤਨ ਕਰਨਾ ਹੀ ਹੈ ।

ਗੁਰੂ ਨਾਨਕ ਦੇਵ ਜੀ ਨੇ ਕਲਿਜੁਗ ਵਿਚ ਪ੍ਰਗਟਿ ਹੋ ਕੇ ਮਨੁੱਖੀ ਆਤਮਾ ਤੇ ਇਹ ਵੱਡਾ ਪਰਉਪਕਾਰ ਕੀਤਾ ਹੈ । ਰੋਸ਼ਨੀ ਨੂੰ ਗੁਰੂ ਗਰੰਥ ਸਾਹਿਬ ਦੇ ਰੂਪ ਵਿਚ ਸਥਾਈ ਅਤੇ ਸਥਿਰ ਕਰ ਦਿੱਤਾ ਹੈ । ਗ੍ਰਹਿਸਤ ਵਿਚ ਰਹਿੰਦਿਆਂ ਕਲਿਆਣ ਦਾ ਰਾਹ ਦਸ ਦਿੱਤਾ ਹੈ । ਆਪ ਅਮਲੀ ਜੀਵਨ ਰਾਹੀਂ ਸਭ ਕੁਝ ਕਰਕੇ ਦਿਖਾ ਦਿੱਤਾ ਹੈ ਉਦਾਸੀਆਂ ਕਰਨ ਉਪਰੰਤ ਖੇਤੀ ਕਰਨਾ ਕ੍ਰਿਤ ਦੀ ਮਹਾਨਤਾ ਨੂੰ ਦਰਸਾਉਣਾ ਹੈ । ਵਿਹਲੜਾਂ ਨੂੰ ਇਸ ਤੋਂ ਸਿੱਖਿਆ ਲੈਣੀ ਚਾਹੀਦੀ ਹੈ । ਆਪ ਦਾ ਦਸਿਆ ਧਰਮ ਅਮਲੀ ਧਰਮ ਹੈ । ਕਰਮ ਕਾਂਡਾਂ ਤੋਂ ਮੁਕਤਿ ਹੈ । ਗ੍ਰਹਿਸਤ ਮਹਿ ਨਿਰਵਾਣ ਪ੍ਰਾਪਤ ਕਰਨ ਦਾ ਢੰਗ ਹੈ । ਉਦਮਿ ਕਰਨ ਲਈ ਉਤਸ਼ਾਹ ਦੇਂਦਾ ਹੈ । ਘਾਲਿ ਖਾਇ ਕਿਛੁ ਹਥਹੁ ਦੇਇ ਦੀ ਪ੍ਰੇਰਨਾ ਕਰਦਾ ਹੈ । ਕਿਰਤ ਵਿਰਤੁ ਕਰ ਧਰਮ ਕੀ ਹਥਹੁ ਦੇ ਕੇ ਭਲਾ ਮਨਾਉਣ ਦੀ ਸਿੱਖਿਆ ਦੇਂਦਾ ਹੈ । ਅਜ ਦੇ ਕਮਿਊਨਿਜ਼ਮ ਦੇ ਮੂੰਹ ਉੱਤੇ ਇਕ ਚਪੇੜ ਦਾ ਕੰਮ ਕਰਦਾ ਹੈ ਜੋ ਕਿ ਕਿਰਤ ਕਰਨ ਦੀ ਬਜਾਇ ਖੋਹ-ਖਿੰਜ ਵਿਚ ਵਿਸ਼ਵਾਸ਼ ਰੱਖਦਾ ਹੈ ਅਤੇ ਖੋਹ-ਖਿੰਜ ਰਾਹੀਂ ਇਕਸਾਰਤਾ ਲਿਆ-ਉਣ ਦਾ ਯਤਨ ਕਰ ਰਿਹਾ ਹੈ, ਨਾ ਕਿ ਵੰਡ-ਛਕਣ ਦੇ ਸੁਨਿਹਰੀ ਅਸੂਲ ਨੂੰ ਅਪਣਾ ਕੇ ਇਕਸਾਰਤਾ ਲਿਆਉਣੀ ਚਾਹੁੰਦਾ ਹੈ । ਗੁਰਸਿੱਖੋ, ਗੁਰੂ ਨਾਨਕ ਨੂੰ ਨਾ ਭੁੱਲੋ । ਉਹਨਾਂ ਦੇ ਪਵਿੱਤਰ ਜਨਮ-ਦਿਹਾੜੇ ਤੇ ਪ੍ਰਣ ਕਰੋ ਪਰਉਪਕਾਰ ਅਤੇ ਭਲਾ ਕਰਨ ਦਾ । ਹੱਥਹੁ ਦੇ ਕੇ ਭਲਾ ਮਨਾਉਣ ਦਾ ਅਤੇ ਮਿੱਠਤ ਨੀਵੀ ਨਾਨਕਾ ਗੁਣਿ ਚੰਗਿਆਇਆ ਤੱਤ ਨੂੰ ਗ੍ਰਹਿਣ ਕਰਨ ਦਾ । ਸੁਲਤਾਨ-ਪੁਰ ਵਿਚ ਆਪ ਜੀ ਨੇ ਆਵਾਜ਼ ਦਿੱਤੀ ਸੀ :—

'ਨਾ ਹਿੰਦੂ ਨਾ ਮੁਸਲਮਾਨ,
ਨਾ ਸੂਦ ਨਾ ਬ੍ਰਾਹਮਣ ।'

ਉਹ ਆਪ ਨਿਰੰਕਾਰ ਦਾ ਰੂਪ ਸਨ । ਨਰਾਇਣ-


www.AKJ.Org

ਸਰੂਪ ਸਨ। ਤੂੰ ਤੂੰ ਵਿਚ ਲਿਵਲੀਨ ਸਨ। ਮੈਂ-ਮੇਰੀ ਤੋਂ ਦੂਰ ਸਨ। ਜਗਤ-ਗੁਰੂ ਬਾਬਾ ਸਨ। ਸੰਗਤ ਦੇ ਰੂਪ ਵਿਚ ਸਦੀਵੀ ਪ੍ਰਕਾਸ਼ ਦੇ ਗਏ ਹਨ। ਬਿਹਬਲ ਹੋਈ ਲੋਕਾਈ ਦੀ ਭਟਕਣਾ ਮਿਟਾ ਗਏ ਹਨ। ਹਰ ਥਾਂ, ਹਰ ਦੇਸ਼ ਅਤੇ ਹਰ ਕਾਲ ਵਿਚ ਇਸ ਸਦੀਵੀ ਪ੍ਰਕਾਸ਼ ਦੇ ਦੀਦਾਰੇ ਹੋ ਸਕਦੇ ਹਨ :—

'ਇਕ ਉਤਮ ਪੰਥ ਸੁਣਿਓ ਗੁਰ ਸੰਗਤਿ
ਤਿਹ ਮਿਲੰਤ ਜਮ ਤ੍ਰਾਸ ਮਿਟਾਈ ॥'

ਗੁਰ-ਸੰਗਤਿ ਦੀ ਸਥਾਪਨਾ ਹੀ ਗੁਰੂ ਨਾਨਕ ਦੇਵ ਜੀ ਦੀ ਸਭ ਤੋਂ ਵੱਡੀ ਦੇਣ ਹੈ। ਗੁਰੂ-ਡੰਮ ਦਾ ਖੰਡਣ ਹੈ ਅਤੇ ਲੋਕ ਰਾਜ ਦੀ ਸਦੀਵੀ ਨੀਂਹ ਰੱਖ ਦਿੱਤੀ ਗਈ ਹੈ। ਗੁਰ-ਸੰਗਤਿ ਵਿਚ ਮਿਲ ਕੇ ਗੁਰ-ਕੀਰਤ ਗਾ ਕੇ ਇਸ ਜਨਮ ਦਾ ਲਾਹਾ ਪ੍ਰਾਪਤ ਕਰੋ ਅਤੇ ਜਨਮ ਸਫਲਾ ਕਰੋ।

————


## ਖ਼ੁਸ਼ਖ਼ਬਰੀ

ਗੁਰੂ ਪਿਆਰੀ ਸਾਧ ਸੰਗਤ ਜੀ ! ਆਪ ਜੀ ਨੂੰ ਇਹ ਜਾਣ ਕੇ ਅਤਿ ਖੁਸ਼ੀ ਹੋਵੇਗੀ ਕਿ ਸਰਬੰਸ ਦਾਨੀ ਮਹਾਨ ਗੁਰੂ ਗੋਬਿੰਦ ਸਿੰਘ ਜੀ ਰਚਿਤ "ਅਕਾਲ ਉਸਤਤਿ" ਜਿਸ ਦਾ ਨਿਰਣਯ ਗਿ: ਹਰਬੰਸ ਸਿੰਘ ਜ਼ੀ ਚੰਡੀਗੜ੍ਹ (ਜਿਨ੍ਹਾਂ ਦਾ ਆਪ ਚੰਡੀ ਦੀ ਵਾਰ ਤੇ ਜਪੁ ਨਿਰਣਯ ਪਹਿਲਾਂ ਪੜ੍ਹ ਚੁਕੇ ਹੋ) ਨੇ ਕੀਤਾ ਹੈ। ਇਸ ਨੂੰ ਹੁਣ ਕਿਤਾਬ ਦੀ ਸ਼ਕਲ ਵਿਚ ਛਾਪ ਕੇ ਹੋਲੇ ਮਹੱਲੇ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਬੜੀ ਪਿਆਰ ਤੇ ਸ਼ਰਧਾ ਨਾਲ ਸਾਧ ਸੰਗਤ ਜੀ ਨੂੰ ਭੇਟਾ ਕਰ ਰਹੇ ਹਾਂ।

ਆਸ ਹੈ ਹੇਠ ਲਿਖੀਆਂ ਹੋਰ ਕਿਤਾਬਾਂ ਸਾਧ ਸੰਗਤ ਜੀ ਦੀ ਜਲਦੀ ਭੇਟਾ ਹੋਣਗੀਆਂ :—

੧. ਜਪੁ ਨਿਰਣਯ (ਸਟੀਕ) ਦੂਜੀ ਐਡੀਸ਼ਨ।
੨. ਆਸਾ ਦੀ ਵਾਰ ਨਿਰਣਯ (ਸਟੀਕ)।
੩. ਅੰਮ੍ਰਿਤ ਨਿਤਨੇਮ ਨਿਰਣਯ (ਸਟੀਕ)।
੪. ਚੰਡੀ ਦੀ ਵਾਰ ਨਿਰਣਯ (ਸਟੀਕ)।

ਮਿਲਣ ਦਾ ਪਤਾ :—

**ਗਿ: ਹਰਬੰਸ ਸਿੰਘ**
Q. No. 11 F/25
ਸੈਕਟਰ 23A, ਚੰਡੀਗੜ੍ਹ

**ਸੁੰਦਰ ਬੁਕ ਡਿਪੋ,**
ਮਾਈ ਹੀਰਾਂ ਗੇਟ,
ਜਲੰਧਰ




www.AKJ.Org

# ਸਿੱਖ ਰਾਜ ਸਮੇਂ ਮਿਠਾ ਟਿਵਾਣਾ ਵਿਚ ਯੁੱਧ

(ਵਲੋਂ :- ਭਾਈ ਸਾਹਿਬ ਹਰਭਜਨ ਸਿੰਘ ਜੀ ਕੁਰਾਲੀ)

ਪਿੰਡ ਮਿਠਾ ਟਿਵਾਣਾ ਜ਼ਿਲਾ ਸਰਗੋਧਾ ਪੱਛਮੀ ਪੰਜਾਬ ਵਿਚ ਸਰਗੋਧੇ ਤੋਂ ਲਹਿੰਦੇ ਪਾਸੇ ਪੰਜਾਬ ਦਾ ਪੰਜਵਾਂ ਦਰਿਆ ਜੇਹਲਮ ਤੋਂ ਪਾਰਲੇ ਪਾਸੇ ਇਕ ਰੇਤਲੇ ਮਾਰੂਥਲ ਵਿਚ ਟਿਵਾਣੇ ਕੌਮ ਦੇ ਮੁਸਲਮਾਣਾਂ ਦੀ ਇਕ ਵਡੀ ਬਸਤੀ ਸੀ। ਅਜ ਤੋਂ ਡੇਢ ਸੌ ਸਾਲ ਪਹਿਲਾਂ ਸਿੱਖ ਰਾਜ ਪੰਜਾਬ ਵਿਚ ਕਾਇਮ ਹੋਇਆ। ਜ਼ਿਲਾ ਸਰਗੋਧਾ ਸ਼ਾਹਪੁਰ ਵਿਚ ਟਿਵਾਣੇ, ਸਿੱਖ ਰਾਜ ਤੋਂ ਆਕੀ ਸਨ। ਉਹ ਹਿੰਦੂ ਕੌਮ ਉਪਰ ਕਾਇਰਤਾ ਦੀ ਨਜ਼ਰ ਜ਼ੁਲਮ ਬਹੁ-ਬੇਟੀ ਦੀ ਇਜ਼ਤ ਨਾਜਾਇਜ਼ ਹਕ ਤੇ ਧਕਾ ਕਰਦੇ ਸਨ।

ਉਸ ਸਮੇਂ ਦੇ ਹਿੰਦੂਆਂ ਨੇ ਲਾਹੌਰ ਵਿਚ ਮਹਾ-ਰਾਜਾ ਰਣਜੀਤ ਸਿੰਘ ਜੀ ਅਗੇ ਫਰਿਆਦ ਕੀਤੀ। ਟਿਵਾਣੇ ਕੌਮ ਦੇ ਮੁਸਲਮਾਣ ਸਾਡੇ ਨਾਲ ਨਿਤ ਨਵੀਂ ਸ਼ਰਾਰਤ ਜ਼ੁਲਮ, ਜਬਰ ਕਰਦੇ ਹਨ। ਤੁਸੀਂ ਗਊ ਗਰੀਬ ਦੀ ਰਖਸ਼ਾ ਕਰਦੇ ਹੋ। ਅਸੀਂ ਆਪ ਦੀ ਸ਼ਰਨ ਆਏ ਹਾਂ, ਸਾਡੀ ਸਹਾਇਤਾ ਕਰੋ। ਉਸ ਸਮੇਂ ਦੇ ਅਰੋੜੇ ਕੌਮ ਦੇ ਹਿੰਦੂਆਂ ਦੀ ਫਰਿਆਦ ਸੁਣਦੇ ਹੋਏ ਮਹਾਰਾਜਾ ਰਣਜੀਤ ਸਿੰਘ ਜੀ ਨੇ ਆਪਣੇ ਜਰਨੈਲ ਸੂਰਬੀਰ ਜੋਧਾ ਸ: ਹਰੀ ਸਿੰਘ ਨਲਵਾ ਦੀ ਕਮਾਨ ਹੇਠ ਫ਼ੌਜ ਭੇਜੀ। ਜਦੋਂ ਸ: ਹਰੀ ਸਿੰਘ ਨਲਵਾ ਨੇ ਆਪਣੀਆਂ ਫ਼ੌਜਾਂ ਲੈ ਕੇ ਪੰਜਵੇਂ ਦਰਿਆ ਨੂੰ ਪਾਰ ਕਰਦਾ ਹੋਇਆ ਮਿਠਾ ਟਿਵਾਣੇ ਦੀ ਬਾਹਰਲੀ ਜੂਹ ਤੇ ਦਾਦੂ ਵਾਲੇ ਖੂਹ ਤੇ ਉਤਾਰਾ ਕੀਤਾ, ਨਵਾਬ ਫਤੇ ਖਾਨ ਟਿਵਾਣਾ ਆਪਣੇ ਇਲਾਕੇ ਦੀਆਂ ਕੌਮਾਂ ਅਵਾਣ, ਅਜਤ, ਚਾਹਿਲ, ਮਾਹਲ, ਛੀਨੇ, ਸ਼ਾਹੀ ਨੂੰ ਇਕੱਠਾ ਕੀਤਾ। ਆਪਣਾ ਲਾਊ ਲੱਸ਼ਕਰ ਲੈ ਕੇ ਇਕ ਖੁਲ੍ਹੇ ਮੈਦਾਨ ਵਿਚ ਜੰਗ ਕਰਨ ਲਈ ਆਇਆ। ਇਧਰੋਂ ਦਸਮ ਪਾਤਸ਼ਾਹ ਦਾ ਸੂਰਬੀਰ ਜੋਧਾ ਸ: ਹਰੀ ਸਿੰਘ ਨਲਵਾ ਦਾ ਚੇਹਰਾ ਲਾਲੋ ਲਾਲ, ਅਤੇ ਮਿਆਨ ਵਿਚੋਂ ਸ੍ਰੀ ਸਾਹਿਬ ਕਢ ਕੇ ਲਲਕਾਰ ਕੇ ਕਹਿਣ ਲਗੇ, ਕਿ ਸੂਰਬੀਰੋ, ਜਾਂ ਟਿਵਾਣੇ ਰਹਿਣਗੇ, ਜਾਂ ਸਿੱਖ ਰਾਜ ਕਰੇਗਾ। ਤਿੰਨ ਦਿਨ ਭਾਰੀ ਯੁੱਧ ਹੋਇਆ। ਸੂਰਬੀਰ ਜੋਧੇ ਮਾਲਵੇ, ਦੁਆਬੇ ਅਤੇ ਮਾਝੇ ਦੇ ਸਿੰਘ ਰਣ ਵਿਚ ਕੁਦੇ,ਆਪਣੀਆਂ ਤੇਗਾਂ ਵਾਹ ਕੇ ਵੈਰੀਆਂ ਦੇ ਸਥਰ ਧਰਤੀ ਤੇ ਵਿਛਾ ਦਿਤੇ।

ਮਿਠਾ ਟਿਵਾਣੇ ਤੋਂ ਦਸ ਕੋਹ ਦੀ ਵਿਥ ਤੇ ਦਰਿਆ ਜੇਹਲਮ ਦੇ ਕੰਢੇ ਦੇ ਉਤੇ ਗਿਰੋਟ ਪਿੰਡ ਦੀ ਵਸੋਂ ਮੁਸਲਮਾਣਾਂ ਦੀ ਸੀ। ਉਥੇ ਦਾ ਇਕ ਸੱਯਦ ਉਲੀਆ, ਪੂਜ ਹਸਤੀ, ਖੁਦਾਪ੍ਰਸਤ ਆਪਣੇ ਇਲਾਕੇ ਦੇ ਮੁਸਲ-ਮਾਣਾਂ ਨੂੰ ਕਹਿਣ ਲਗਾ। ਅਜ ਸ਼ਾਮ ਤੋਂ ਪਹਿਲਾਂ ਪਹਿਲਾਂ ਸਿਖਾਂ ਦੀ ਜਿੱਤ ਹੋਵੇਗੀ। ਗਿਰੋਟ ਪਿੰਡ ਦੇ ਮੁਸਲਮਾਨ ਕਹਿਣ ਲਗੇ, ਮੁਠੀ ਭਰ ਸਿੱਖ ਹਨ, ਸਾਡਾ ਇਲਾਕਾ ਬਹੁ ਸੰਮਤੀ ਮੁਸਲਮਾਣਾਂ ਦੀ ਹੈ। ਉਹ ਸਾਂਈ ਸੱਯਦ ਕਹਿਣ ਲਗਾ, ਮੈਂ ਆਪਣੀਆਂ ਦਿਬ ਦ੍ਰਿਸ਼ਟੀ ਅੱਖ ਨਾਲ ਸਿੱਖਾਂ ਦਾ ਗੁਰੂ, ਗੁਰੂ ਗੋਬਿੰਦ ਸਿੰਘ ਨੀਲੇ ਘੋੜੇ ਦਾ ਅਸਵਾਰ,ਅਤੇ ਪੰਜ ਸਿੰਘ ਨੀਲੀਆਂ ਦਸਤਾਰਾਂ ਵਾਲੇ ਹਥਾਂ ਵਿਚ ਸੋਹਣੀਆਂ ਲਿਸ਼ਕਾਂ ਮਾਰਦੀਆਂ ਕ੍ਰਿਪਾਨਾਂ



www.AKJ.Org

ਸਨ। ਵਾਹੋ ਦਾਹੀ ਮਿਠਾ ਟਿਵਾਣਾ ਨੂੰ ਜਾ ਰਹੇ ਸਨ। ਗੁਰੂ ਮੇਰੇ ਸੰਗ ਸਦਾ ਹਰ ਨਾਲੇ, ਸਿਮਰ ਸਿਮਰ ਤਿਸ ਸਦਾ ਸਮਾਲੇ। ਸਹੀ ਰੂਪ ਉਸੇ ਸ਼ਾਮ ਨੂੰ ਖਾਲਸੇ ਦੀ ਜਿਤ ਹੋਈ।

ਨਵਾਬ ਫ਼ਤੇ ਖਾਨ ਮੋਤੀਆ ਵਾਲਾ ਮਿਠਾ ਟਿਵਾਣਾ ਛੋੜ ਕੇ ਬੰਨੂ ਦੇ ਇਲਾਕੇ ਵਿਚ ਜਾ ਛੁਪਿਆ। ਮਗਰੋਂ ਸਿੰਘਾਂ ਨੇ ਉਸ ਦਾ ਪਿਛਾ ਕੀਤਾ। ਬੰਨੂ ਦੇ ਇਲਾਕੇ ਵਿਚੋਂ ਫੜਿਆ। ਨਵਾਬ ਨੇ ਮੂੰਹ ਵਿਚ ਘਾਹ ਪਾ ਲਿਆ। ਕਹਿਣ ਲਗਾ, ਸਿੰਘੋ, ਮੈਂ ਤੁਹਾਡੀ ਗਊ, ਮੈਨੂੰ ਬਖਸ਼ ਦਿਉ। ਸਿੰਘਾਂ ਨੇ ਕਹਿਆ, ਅਸੀਂ ਹਰਾਮ ਗਊ ਦਾ ਦੁੱਧ ਨਹੀਂ ਪੀਣਾ ਚਾਹੁੰਦੇ। ਨਵ ਬ ਫ਼ਤੇ ਖਾਨ ਦਾ ਸਿਰ ਲਾਹ ਕੇ ਨੇਜ਼ੇ ਦੇ ਉਪਰ ਟੁੰਬ ਕੇ ਸ: ਹਰੀ ਸਿੰਘ ਨਲਵਾ ਅਗੇ ਆ ਧਰਿਆ। 'ਜਦੋਂ ੧੯੪੭ ਵਿਚ ਪਹਿਲਾ ਹੱਲਾ ਰਾਵਲ ਪਿੰਡੀ ਉਤੇ ਹੋਇਆ, ਉਸ ਸਮੇਂ ਸਾਰੇ ਪੱਛਮੀ ਪੰਜਾਬ ਵਿਚ ਹਲ ਚਲ ਮਚ ਗਈ। ਦਾਸ ਉਸ ਸਮੇਂ ਬੈਂਕ ਸਰਵਿਸ ਤੋਂ ਛੁਟੀ ਲੈ ਕੇ ਮਿਠਾ ਟਿਵਾਣਾ ਗਿਆ ਹੋਇਆ ਸੀ। ਉਸ ਸਮੇਂ ਟਿਵਾਣੇ ਕੌਮ ਵਿਚੋਂ ਸ਼ੇਰ ਮੁਹੰਮਦ ਪੁਤਰ ਮੁਹੰਮਦ ਨਿਵਾਜ਼ ਆਪਣੇ ਵਡੇ ਵਡੇਰੇ ਮਲਕ ਫ਼ਤੇ ਖਾਨ ਮੋਤੀਆ ਵਾਲੇ ਦਾ ਬਦਲਾ ਲੈਣ ਲਈ ਵਿਉਂਤਾਂ ਬਨ੍ਹ ਰਿਹਾ ਸੀ। ਇਹ ਕਹਿੰਦਾ ਸੁਣਿਆ ਜਾਂਦਾ ਸੀ। ਇਥੇ ਦੇ ਹਿੰਦੂ ਸਿੱਖ ਇਕ ਨਹੀਂ ਛਡਣਾ।'

ਮਿਠਾ ਟਿਵਾਣਾ ਦੇ ਇਲਾਕੇ ਵਿਚ ਪੂਰਣ ਬ੍ਰਹਮ ਗਿਆਨੀ, ਜਪੀ, ਤਪੀ, ਜਤੀ, ਸਤੀ, ਲੰਗਰ ਦੇ ਧਨੀ ਮਹੰਤ ਭਾਈ ਜਵਾਹਰ ਸਿੰਘ ਜੀ ਅਡਣਸ਼ਾਹੀ ਸੇਵਾ ਪੰਥੀ ਸੰਪਰਦਾ ਵਿਚੋਂ ਕਰਨੀ ਵਾਲੇ ਮਹਾਂਪੁਰਸ਼ ਸਨ। ਬਾਬਾ ਸਾਹਿਬ ਸਿੰਘ ਜੀ ਬੇਦੀ ਬੰਸ ਊਨਾ ਵਾਲਿਆਂ ਦੇ ਬੜੇ ਸ਼ਰਧਾਲੂ ਸਨ। ਪੰਜਾਬ ਦੀ ਵੰਡ ਮਗਰੋ ਦਸਾਂ ਸਾਲਾਂ ਬਾਦ ਮਾਰਚ ੧੯੫੭ ਹੁਸ਼ਿਆਰਪੁਰ ਵਿਚ ਸਮਾਏ ਹਨ। ਮਹੰਤ ਭਾ: ਜਵਾਹਰ ਸਿੰਘ ਜੀ ਗੁਰਬਾਣੀ ਦੇ ਪਾਠ, ਸੁਖਮਨੀ ਸਾਹਿਬ ਦੇ ਪਾਠ ਵਿਚ ਲਿਵਲੀਨ ਰਹਿੰਦੇ ਸਨ। ਜਦੋਂ ਦਾਸ ਨੇ ਸੰਗਤਾਂ ਨੂੰ ਅਤੇ ਮਹੰਤ ਸਾਹਿਬ ਭਾ: ਜਵਾਹਰ ਸਿੰਘ ਜੀ ਹੋਰਾਂ ਨਾਲ ਕੰਨੀ ਸੁਣੀ ਵਾਰਤਾ ਗੁਰਦੁਆਰੇ ਉੱਪਰ ਤੁਰਕਾਂ ਦੇ ਹਮਲੇ ਕਰਨ ਬਾਰੇ ਬਚਨ ਬਿਲਾਸ ਕੀਤਾ। ਮਹੰਤ ਸਾਹਿਬ ਕਹਿਣ ਲਗੇ, 'ਵਿਚ ਕਰਤਾ ਪੁਰਖ ਖਲੋਆ ਵਾਲ ਨਾ ਵਿੰਗਾ ਹੋਇਆ'। ਗੁਰਮੁਖ ਪਿਆਰਿਓ, ਸਚ ਜਾਣੋ, ਮਿਠਾ ਟਿਵਾਣੇ ਸ਼ਹਿਰ ਦੇ ਹਿੰਦੂਆਂ ਸਿੱਖਾਂ ਦਾ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਸਾਰਿਆਂ ਦੇ ਪਰਵਾਰ ਸਹੀ ਸਲਾਮਤ ਗੁਰੂ ਦੀ ਨਗਰੀ ਸ੍ਰੀ ਅੰਮ੍ਰਿਤਸਰ ਦੇ ਦਰਸ਼ਨ ਕਰਦੇ ਹੋਏ ਪੂਰਬੀ ਪੰਜਾਬ ਦਿੱਲੀ ਆਦਿ ਵਿਚ ਫੈਲ ਗਏ।

ਮਿਠਾ ਟਿਵਾਣਾ ਤੋਂ ਰੋੜਾ ਪਿੰਡ ੧੨ ਮੀਲ ਦੀ ਵਿਥ ਤੇ ਉਤਰ ਵਲ ਮਾਰੂਥਲ ਦੇ ਟਿਬਿਆਂ ਵਿਚ ਸੀ। ਉਥੇ ਦੇ ਸਿੱਖ ਬੜੇ ਬਹਾਦਰ ਅਤੇ ਨੇਜ਼ੇਬਾਜ਼ੀ ਦੇ ਬੜੇ ਸ਼ੌਕੀਨ ਸਨ। ਰੋੜਾ ਪਿੰਡ ਦੇ ਸਰਦਾਰਾਂ ਵਿਚੋਂ ਡਾ: ਮੋਹਕਮ ਸਿੰਘ ਸੂਰਬੀਰ ਯੋਧਾ ਸੀ। ਉਸ ਦੇ ਕੋਲ ਹਮੇਸ਼ਾਂ ਤੁਰਕਾਂ ਦਾ ਮੁਕਾਬਲਾ ਕਰਨ ਲਈ ਦੋਨਾਲੀ ਬੰਦੂਕ, ਇਕ ਅਰਬੀ ਨਸਲ ਦਾ ਘੋੜਾ ਰਹਿੰਦਾ ਸੀ। ਡਾ: ਮੋਹਕਮ ਸਿੰਘ ਇਲਾਕੇ ਦੇ ਆਨਰੇਰੀ ਮੈਜਿਸਟਰੇਟ ਵੀ ਸਨ। ਇਹਨਾਂ ਦੇ ਵਡੇ ਭਰਾ ਸੰਤ ਹਰਨਾਮ ਸਿੰਘ ਜੀ ਨਿਹੰਗ ਸਨ ਅਤੇ ਪੂਰਬੀ ਪੰਜਾਬ ਵਿਚ ਆ ਕੇ ਕਥਾ ਕੀਰਤਨ ਵਿਚ ਰੰਗੀਜ ਰਹਿੰਦੇ ਸਨ।

੧੯੪੭ ਦੇ ਹਲੇ ਵਿਚ ਬਲੋਚ ਜਰਵਾਣਿਆਂ ਦੀ ਧਾੜ ਦੇ ਮੁਕਾਬਲੇ ਵਿਚ ਰੋੜੇ ਦੇ ਸਿੱਖ ਸਰਦਾਰ ਆਟੇ ਵਿਚ ਲੂਣ ਸਨ। ਬਲੋਚ ਧਾੜਵੀ ਜਦੋਂ ਸਤੰਬਰ ੧੯੪੭ ਵਿਚ ਸਿੰਘਾਂ ਉਪਰ ਟਿਡੀ ਦਲ ਵਾਂਗ ਚੜ੍ਹ ਕੇ ਆਏ, ਰਣ ਖੇਤਰ ਵਿਚ ਦੀ ਬਾਹਰਲੀ ਜੂਹ ਵਿਚ ਗੁਰੂ ਰੂਪ ਖਾਲਸੇ ਨੇ ਡਾ: ਮੋਹਕਮ ਸਿੰਘ ਦੀ ਕਮਾਨ ਹੇਠ


www.AKJ.Org

ਬਦੀ, ਪਾਪ ਤੇ ਜਬਰ ਦਾ ਮੁਕਾਬਲਾ ਡਟ ਕੇ ਕੀਤਾ। ਖੁਲ੍ਹੇ ਮੈਦਾਨ ਵਿਚ ਸਿੰਘ ਘੋੜ ਸਵਾਰ ਹੋ ਕੇ ਨੇਜ਼ੇ ਅਤੇ ਬਰਛਿਆਂ ਨਾਲ ਤੁਰਕਾਂ ਦੀਆਂ ਭਾਜੜਾਂ ਪੁਆ ਦਿਤੀਆਂ। ਬਲੋਚ ਜ਼ਰਵਾਣਿਆਂ ਦੀ ਪੇਸ਼ ਨਾ ਗਈ। ਇਕ ਦੂਜੇ ਉਪਰ ਦੰਦ ਪੀਹ ਰਹੇ ਸਨ। ਜ਼ਰਵਾਣਿਆਂ ਨੇ ਕੁਰਾਨ ਸ਼ਰੀਫ ਨੂੰ ਸਿਰ ਤੇ ਧਰ ਕੇ ਕਸਮਾਂ ਖਾਧੀਆਂ। ਅਸੀਂ ਹਿੰਦੂਆਂ ਅਤੇ ਸਿੱਖਾਂ ਨੂੰ ਸਹੀ ਸਲਾਮਤ ਮਿਠਾ ਟਿਵਾਣਾ ਪੁਚਾਵਾਂਗੇ। ਡਾ: ਮੋਹਕਮ ਸਿੰਘ ਜੀ ਕਹਿਣ ਲਗੇ—ਸਿੰਘੋ ਤੁਰਕ ਮੀਤ ਨਾ ਜਾਣੀਐ, ਸੂਰਬੀਰਾਂ ਨੂੰ ਸ੍ਰੀ ਅਨੰਦਪੁਰ ਸਾਹਿਬ ਜ਼ਰਵਾਣਿਆਂ ਦੇ ਬੀਤੀ ਹੋਈ ਦਸਮ ਪਾਤਸ਼ਾਹ ਵਾਲੀ ਯਾਦ ਦਿਵਾਈ। ਭੁਖ ਤੋਂ, ਪਾਣੀ ਤੋਂ ਵਿਆਕੁਲ ਹੋਏ ਸਿੰਘਾਂ ਨੇ ਸੰਧੀ ਕਰ ਲਈ। ਰੋੜੇ ਤੋਂ ਤਿੰਨ ਮੀਲ ਬਾਹਰਲੀ ਜੂਹ ਵਿਚ ਦੈਂਤਾਂ ਦੀ ਧਾੜ ਅਗੇ ਨਾਲੋਂ ਵਧ ਬਲੋਚਾਂ ਨੇ ਹਮਲਾ ਕੀਤਾ।

ਸਿੰਘਾਂ ਦਾ ਜੂਝ ਕੇ ਸ਼ਹੀਦ ਹੋਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਚੂੰਕਾਰ ਅਜ ਹਮਾ ਹੀਲਤੇ ਦਰ ਗੁਜ਼ਸ਼ਤ, ਨਾ ਕੇਵਲ ਅਸਤ ਬੁਰਦਨ ਸ਼ਮਸ਼ੀਰ ਦਸਤ। ਸੂਰਬੀਰ ਜੋਧਾ ਡਾ: ਮੋਹਕਮ ਸਿੰਘ ਅਤੇ ਉਹਨਾਂ ਦੀ ਸਿੰਘਣੀ ਬੀਬੀ ਹਰਨਾਮ ਕੌਰ ਨੇ ਕਈ ਤੁਰਕਾਂ ਨੂੰ ਗੋਲੀ ਦਾ ਨਿਸ਼ਾਨਾ ਬਣਾਇਆ।

ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ,
ਪੁਰਜ਼ਾ ਪੁਰਜ਼ਾ ਕਟ ਮਰੇ, ਕਬਹੂ ਨਾ ਛਾਡੇ ਖੇਤ।

ਅੰਤ ਨੂੰ ਡਾ: ਮੋਹਕਮ ਸਿੰਘ ਅਮਰ ਪਦਵੀ ਪਾ ਗਏ। ਉਨ੍ਹਾਂ ਦੇ ਨਾਲ ੭੦ ਬੀਬੀਆਂ ਸਿੰਘ, ਭਾ: ਭਗਵਾਨ ਸਿੰਘ, ਭਾ: ਜੀਤ ਸਿੰਘ, ਭਾ: ਮੋਹਨ ਸਿੰਘ, ਭਾ: ਦਰਸ਼ਨ ਸਿੰਘ, ਭਾ: ਈਸ਼ਰ ਸਿੰਘ, ਭਾ: ਕਿਸ਼ਨ ਸਿੰਘ ਹੋਰ ਬਿਅੰਤ ਸਿੰਘ ਬੀਬੀਆਂ ਨੇ ਹਸ ਹਸ ਕੇ ਸ਼ਹੀਦੀਆਂ ਪਰਾਪਤ ਕੀਤੀਆਂ।



www.AKJ.Org

# ਚਰਨ ਧੂੜੀ

—ਕੈਪਟਨ ਬਚਿੱਤਰ ਸਿੰਘ ਚੌਧਰੀ ਪੂਨਾ

ਇਕ ਇਤਿਹਾਸਕਾਰ ਦੇ ਕਥਨ ਅਨੁਸਾਰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੰਸਾਰ ਦੇ ਕਲਿਆਨ ਖਾਤਰ ਚਾਲੀ ਹਜ਼ਾਰ ਮੀਲ ਵੀ ਯਾਤਰਾ ਕੀਤੀ। ਗਿਆਰਾਂ ਦੇਸ਼ਾਂ ਵਿਚ ਗਏ। ਜਿਸ ਜਿਸ ਥਾਂ ਤੇ ਚਰਨ ਪਾਏ ਉਹੋ ਹੀ ਧਰਮ ਅਸਥਾਨ ਬਣਿਆ ਅਤੇ ਗੁਰਦਵਾਰੇ ਬਣੇ। ਇਹ ਕਿਰਪਾ ਗੁਰੂ ਸਾਹਿਬ ਦੇ ਚਰਨਾਂ ਤੋਂ ਮਿਲੀ। ਸ਼ਰਧਾਲੂ ਇਨ੍ਹਾਂ ਦੇ ਦਰਸ਼ਨ ਕਰਕੇ ਇਨ੍ਹਾਂ ਥਾਵਾਂ ਦੀ ਚਰਨ ਧੂੜੀ ਨੂੰ ਮਸਤਕ ਤੇ ਲਾ ਕੇ ਆਪਣੇ ਜਨਮ ਸਫਲੇ ਕਰਦੇ ਹਨ ਤੇ ਭਾਗਾਂ ਨੂੰ ਚੰਗਾ ਬਣਾਉਂਦੇ ਹਨ। ਤਾਂ ਤੇ ਮਹਾਂਪੁਰਸ਼ਾਂ ਦੇ ਚਰਨ ਬੜੇ ਹੀ ਵੱਡ-ਮੁਲੇ ਹੋਏ। ਇਨ੍ਹਾਂ ਚਰਨਾਂ ਨੂੰ ਹੋਰ ਵੀ ਕਈ ਥਾਵਾਂ ਤੇ ਸਮਿਆਂ ਅਨੁਸਾਰ ਮਾਨ ਮਿਲਿਆ ਹੈ। ਕੁਝ ਕੁ ਉਦਾਹਰਣਾਂ ਇਥੇ ਦਿਤੀਆਂ ਜਾਂਦੀਆਂ ਹਨ।

ਹਜ਼ਰਤ ਈਸਾ ਯੋਰਸ਼ਲਮ ਗਏ। ਹਜ਼ਰਤ ਮੁਹੰਮਦ ਸਾਹਿਬ ਦੇ ਚਰਨਾਂ ਦੀ ਅਮਿਟ ਮੁਹਰ ਛਾਪ ਮੱਕੇ ਵਿਚ ਹੈ। ਇਸ ਦੇ ਫਲ ਸਰੂਪ ਇਹ ਦੁਨੀਆਂ ਜਾਣਦੀ ਹੈ ਕਿ ਲੱਖਾਂ ਲੋਕ ਮੱਕਾ ਸ਼ਰੀਫ ਦੇ ਹਜ ਲਈ ਜਾਂਦੇ ਹਨ। ਯੋਰਸ਼ਲਮ ਈਸਾਈ ਧਰਮ ਦਾ ਕੇਂਦਰੀ ਤੀਰਥ ਬਣਿਆ ਹੋਇਆ ਹੈ।

ਇਸ਼ਕ ਦੇ ਖੇਤਰ ਵਿਚ ਚਰਨਾਂ ਦੀ ਆਪਣੀ ਹੈਸੀਅਤ ਹੈ। ਮਜਨੂੰ ਨੇ ਡੰਕੇ ਦੀ ਚੋਟ ਨਾਲ ਕਿਹਾ, ਜਿਸ ਗਲੀ ਵਿਚ ਲੈਲਾ ਦਾ ਕੁਤਾ ਫਿਰਦਾ ਹੋਵੇ ਉਸ ਕੁਤੇ ਦੇ ਪੈਰਾਂ ਹੇਠਾਂ ਆਈ ਮਿਟੀ ਮੈਨੂੰ ਦਿਓ ਤਾਂ ਕਿ ਮਸਤਕ ਨੂੰ ਲਾਵਾਂ।

ਗੰਗਾ ਸਮੂਹ ਨਦੀਆਂ ਵਿਚੋਂ ਪਵਿੱਤਰ ਮੰਨੀ ਜਾਂਦੀ ਹੈ। ਕਾਰਨ ਕੇਵਲ ਇਹ ਹੈ ਕਿ ਰਿਸ਼ੀ ਮੁਨੀ ਤੇ ਮਹਾਂਪੁਰਖ ਇਸ ਵਿਚ ਚਰਨ ਧੋਇਆ ਕਰਦੇ ਸਨ ਤੇ ਇਸ ਦੇ ਕੰਢੇ ਤੇ ਬੈਠ ਕੇ ਸਿਮਰਨ ਕੀਤਾ ਕਰਦੇ ਸਨ। ਇਸ ਲਈ ਇਹ ਨਦੀ ਭਾਰਤ ਦੀ ਕਲਚਰ ਦੀ ਪ੍ਰਤੀਕ ਤੇ ਪਿਆਰੀ ਗਿਣੀ ਗਈ ਹੈ। ਹਿੰਦੂ ਘਰਾਂਣਿਆਂ ਵਿਚ ਗੰਗਾ ਜਲੀ ਮਹੱਤਵ ਪੂਰਨ ਜਲ ਸਮਝਿਆ ਜਾਂਦਾ ਹੈ।

ਅਜ ਵੀ ਦੇਖਣ ਵਿਚ ਆਇਆ ਹੈ ਕਿ ਔਲਾਦ-ਹੀਨ ਇਸਤਰੀਆਂ ਸਿਮਰਨ ਤੇ ਭਗਤੀ ਕਰਨ ਵਾਲਿਆਂ ਵਿਅਕਤੀਆਂ ਦੀ ਚਰਨ ਧੂੜ ਪੇਟ ਤੇ ਮਲਦੀਆਂ ਹਨ ਤਾਂ ਕਿ ਸੰਤਾਨ ਪੈਦਾ ਹੋਵੇ।

ਸ੍ਰੀ ਕ੍ਰਿਸ਼ਨ ਜੀ ਬਾਰੇ ਇਤਿਹਾਸ ਗਵਾਹੀ ਦੇਂਦਾ ਹੈ ਕਿ ਉਨ੍ਹਾਂ ਦੇ ਚਰਨਾਂ ਵਿਚ ਪਦਮ ਸੀ ਜੋ ਸੂਰਜ ਦੀ ਰੋਸ਼ਨੀ ਨਾਲੋਂ ਭੀ ਵਧੇਰੇ ਚਮਕਦਾ ਸੀ। ਜਦ ਜੰਗਲ ਵਿਚ ਸ੍ਰੀ ਕ੍ਰਿਸ਼ਨ ਜੀ ਲੇਟੇ ਹੋਏ ਸਨ ਤਾਂ ਇਕ ਸ਼ਿਕਾਰੀ ਨੇ ਭੁਲੇਖੇ ਨਾਲ ਇਸ ਦੀ ਸੇਧ ਵਿਚ ਤੀਰ ਮਾਰਿਆ ਕਿ ਇਹ ਹਿਰਨ ਦੀ ਅੱਖ ਹੈ। ਉਪਰੰਤ ਇਹ ਪਛਤਾਣ ਲਗਾ। ਹੁਣ ਪਛਤਾਣ ਦੇ ਕੀ ਅਰਥ, ਬਦਕਿਸਮਤ ਤੀਰ ਕਮਾਨ ਵਿਚੋਂ ਨਿਕਲ ਚੁਕਾ ਸੀ।

ਇਸ ਬਾਰੇ ਹੋਰ ਜਾਣਕਾਰੀ ਮਿਲਦੀ ਹੈ। ਸ੍ਰੀ ਰਾਮ ਚੰਦਰ ਜੀ ਪੰਪਾਸਰ ਦੇ ਸਰੋਵਰ ਤੇ ਗਏ। ਰਿਸ਼ੀ



www.AKJ.Org

ਅਤੇ ਪ੍ਰਭੂ ਭਗਤ ਇਸ ਥਾਂ ਤੇ ਭਗਤੀ ਸਿਮਰਨ ਕਰ ਰਹੇ ਸਨ। ਉਨ੍ਹਾਂ ਨੇ ਮਹਾਰਾਜ ਰਾਮ ਚੰਦਰ ਜੀ ਪਾਸ ਬੇਨਤੀ ਕੀਤੀ। ਹੇ ਪ੍ਰਭੂ, ਪੰਪਾਸਰ ਸਰੋਵਰ ਵਿਚ ਕੀੜੇ ਕੁਰਬਲ ਕੁਰਬਲ ਕਰਦੇ ਫਿਰਦੇ ਹਨ ਜਿਸ ਕਰਕੇ ਜਲ ਗੰਦਾ ਰਹਿੰਦਾ ਹੈ ਆਪ ਇਸ ਨੂੰ ਨਿਰਮਲ ਕਰਨ ਦੀ ਕਿਰਪਾਲਤਾ ਕਰੋ। ਭਗਵਾਨ ਰਾਮ ਚੰਦਰ ਨੇ ਤੁਰਤ ਕਿਹਾ, "ਜੋ ਭੰਗਣ ਤੁਹਾਡੇ ਚਰਨਾਂ ਥਲੇ ਝਾੜੂ ਬਹਾਰੂ ਕਰਨ ਆਉਂਦੀ ਹੈ ਜਿਸ ਨੂੰ ਤੁਸਾਂ ਅਤੇ ਅਭਮਾਨੀ ਸਮਾਜ ਨੇ ਨੀਵਾਂ ਕਹਿ ਕੇ ਦੁਰਕਾਰਿਆ ਹੋਇਆ ਹੈ ਉਸ ਸੇਵਕਣ ਦੇ ਚਰਨ ਇਸ ਸਰੋਵਰ ਵਿਚ ਪੈਣਗੇ ਤਾਂ ਜਲ ਨਿਰਮਲ ਹੋਵੇਗਾ।" ਕਹਿੰਦੇ ਹਨ ਅਜੇਹਾ ਹੀ ਕੀਤਾ ਗਿਆ, ਨਤੀਜੇ ਵਜੋਂ ਸਰੋਵਰ ਦਾ ਜਲ ਗੰਗਾ ਦੇ ਨੀਰ ਨਾਲੋਂ ਵੀ ਵਧੇਰੇ ਨਿਰਮਲ ਤੇ ਸਵੱਛ ਪ੍ਰਤੀਤ ਹੋਣ ਲਗਾ।

ਸੀਤਾ ਜੀ ਆਸ਼ੋਕ ਬਾਗ ਅੰਦਰ ਇਕ ਪ੍ਰਕਾਰ ਦੇ ਕੈਦ ਸਨ। ਸ੍ਰੀ ਰਾਮ ਚੰਦਰ ਜੀ ਦੇ ਅਤਿ ਨਿਕਟ-ਵਰਤੀ ਹਨੂੰਮਾਨ ਜੀ ਜੋ ਇਨ੍ਹਾਂ ਦੀਆਂ ਫ਼ੌਜਾਂ ਦੇ ਸੈਨਾਪਤੀ ਸਨ ਲੰਕਾ ਵਿਖੇ ਪੁਜੇ। ਭੇਦ ਕਢਦੇ ਕਢਦੇ ਉਸ ਬਾਗ ਵਿਚ ਗਏ ਜਿਥੇ ਸੀਤਾ ਜੀ ਸਨ। ਵਾਰਤਾਲਾਪ ਹੋਈ, ਵਾਪਸ ਪਰਤਨ ਤੋਂ ਪਹਿਲਾਂ ਹਨੂੰਮਾਨ ਜੀ ਨੇ ਕਿਹਾ--'ਮਾਂ ਸੀਤਾ, ਮੈਨੂੰ ਇਕ ਸ਼ੰਕਾ ਹੈ ਉਹ ਨਵਿਰਤ ਕਰੋ। ਤੁਹਾਡਾ ਭਗਵਾਨ ਰਾਮ ਚੰਦਰ ਨਾਲ ਅਤੁਟ ਪਿਆਰ ਹੈ। ਉਨ੍ਹਾਂ ਤੋਂ ਵਿਛੜ ਕੇ ਤੁਹਾਡੀ ਸਰੀਰਕ ਮੌਤ ਕਿਉਂ ਨਾ ਹੋਈ ? ਸੀਤਾ ਜੀ ਨੇ ਜੋ ਉਤਰ ਦਿਤਾ ਉਹ ਮਹੱਤਵ ਪੂਰਨ ਹੈ। ਉਹਨਾਂ ਨੇ ਕਿਹਾ :-

"ਪ੍ਰਾਨ ਬਸੈ ਪਗ ਪੰਕਜ ਮਹਿ ਜਮ ਆਵਤ ਹੈ ਪਰ ਪਾਵਤ ਨਾਹੀ।"

ਹੇ ਹਨੂੰਮਾਨ ਮੇਰੇ ਪ੍ਰਾਣ ਆਪਣੇ ਸਰੀਰ ਵਿਚ ਨਹੀਂ। ਸ੍ਰੀ ਰਾਮ ਚੰਦਰ ਦੇ ਚਰਨਾ ਵਿਚ ਨਿਵਾਸ ਕਰਦੇ ਹਨ। ਇਸ ਲਈ ਜਮ ਆਉਂਦਾ ਹੈ ਪਰ ਪ੍ਰਾਣਾਂ ਤੀਕ ਪੁਜ ਨਹੀਂ ਸਕਦਾ। ਕਿੰਨੀ ਸੁੰਦਰ ਉਦਾਹਰਣ ਹੈ।

ਜਦ ਚਰਨਾਂ ਨੂੰ ਅਸੀਂ ਯਾਦ ਕਰਦੇ ਹਾਂ ਤੇ ਵਿਸ਼ੇਸ਼ਣ ਨਾਲ ਲਗਾ ਕੇ -ਭਾਵ ਚਰਨ ਕੰਵਲ ! ਤਾਂ ਤੇ, ਚਰਨ ਕੰਵਲ ਮੁਬਾਰਕ ਹਨ। ਸਿਖ ਇਤਿਹਾਸ ਅੰਦਰ ਜ਼ਿਕਰ ਆਉਂਦਾ ਹੈ ਕਿ ਇਨ੍ਹਾਂ ਦਾ ਤੇਜਮਈ ਕਿਰਦਾਰ ਭੀ ਹੈ

ਸਰਹੰਦ ਦੀਆਂ ਨੀਂਹਾਂ ਵਿਚ ਜੀਵਤ ਚਿਣੇ ਜਾਣ ਤੋਂ ਪਹਿਲਾਂ ਸਰਹੰਦ ਦੀ ਅਧੀ ਬਾਦਸ਼ਾਹੀ ਅਤੇ ਹੁਸੀਨ ਸ਼ਹਿਜ਼ਾਦੀਆਂ ਦੇ ਡੋਲੇ ਪੇਸ਼ ਕੀਤੇ ਗਏ ਸਨ। ਗੁਰੂ ਦੇ ਦਲੇਰ ਪੁੱਤਰਾਂ ਨੇ ਪੈਰ ਦੀ ਜੁੱਤੀ ਦੀ ਨੋਕ ਨਾਲ ਇਹ ਲਾਲਚ ਠੁਕਰਾ ਦਿਤੇ।

ਗੁਰੂ ਗੋਬਿੰਦ ਸਿੰਘ, ਜਿਨ੍ਹਾਂ ਦੇ ਚਰਨ-ਕੰਵਲ ਪਰਸਣ ਲਈ ਸੰਗਤਾਂ ਬੇਤਾਬ ਰਹਿੰਦੀਆਂ ਸਨ, ਨੇ ਭੀ ਇਨ੍ਹਾਂ ਨੂੰ ਖੇਚਲ ਯੋਗ ਸਮਝੀ। ਦਿੱਬ ਦ੍ਰਿਸ਼ਟੀ ਨਾਲ ਤਕਿਆ ਕਿ ਪਿਆਰਾ ਸਿੱਖ ਭਾਈ ਜੋਗਾ ਸਿੰਘ ਕਾਮ ਵਾਸ਼ਨਾ ਦੇ ਅਧੀਨ ਹੁਸ਼ਿਆਰਪੁਰ ਵਿਖੇ ਇਕ ਵੇਸਵਾ ਦੇ ਬੂਹੇ ਤੇ ਲਟਕ ਰਿਹਾ ਹੈ। ਕਲਗੀਧਰ ਨੇ ਚਰਨਾਂ ਨਾਲ ਨੀਲੇ ਘੋੜੇ ਨੂੰ ਠਿੱਬੀ ਲਗਾਈ, ਸਿੱਖ ਦਾ ਜ਼ਖਮੀ ਹੋਣ ਵਾਲਾ ਆਚਰਣ ਬਚਾਇਆ।

ਸੱਜਣੋਂ, ਗੁਰੂ ਸਵਾਰਿਓ ਪ੍ਰੇਮੀਓ ਆਓ ਅਸੀਂ ਇਨ੍ਹਾਂ ਚਰਨਾਂ ਦੀ ਐਹਿਮੀਅਤ ਸਮਝੀਏ ਤੇ ਇਨ੍ਹਾਂ ਦਵਾਰਾ ਪਰਉਪਕਾਰ ਤੇ ਨੇਕੀ ਦੇ ਕੰਮਾਂ ਲਈ ਇਨ੍ਹਾਂ ਦੀ ਵਰਤੋਂ ਕਰੀਏ ਅਤੇ ਦੁਰਵਰਤੋਂ ਤੋਂ ਸੰਕੋਚ ਕਰੀਏ। ਗੁਰੂ ਅਤੇ ਸਾਧ ਸੰਗਤ ਦੀ ਚਰਨ ਧੂੜੀ ਨੂੰ ਆਪਣੇ ਮਸਤਕ ਲਗਾ ਕੇ ਆਪਣੇ ਜਨਮ ਸਫਲੇ ਕਰੀਏ।


www.AKJ.Org

# ਗੁਰੂ ਦੀ ਲੋੜ

—ਹਰਬੰਸ ਸਿੰਘ ਚੰਡੀਗੜ੍ਹ

'ਗੁਰੂ' ਪਦ ਸੰਸਕ੍ਰਿਤ ਭਾਸ਼ਾ ਦਾ ਹੈ। ਇਸ ਸ਼ਬਦ ਦਾ ਧਾਤੂ 'ਗ੍ਰੀ' ਹੈ ਜਿਸ ਦੇ ਅਰਥ ਹਨ—'ਨਿਗਲਣਾ'। ਇਸ ਸ਼ਬਦ ਦੇ ਹੋਰ ਅਰਥ ਹੇਠ ਲਿਖੇ ਅਨੁਸਾਰ ਪ੍ਰਸਿਧ ਹਨ :—

੧. ਗੁ (ਅੰਧੇਰਾ) ਰੂ (ਰੌਸ਼ਨੀ) ਅਰਥਾਤ ਅੰਧੇਰੇ ਵਿਚ ਚਾਨਣ ਕਰਨ ਵਾਲਾ।

੨. ਅਗਿਆਨਤਾ ਨੂੰ ਕਟ ਕੇ ਗਿਆਨ ਦਾ ਪ੍ਰਕਾਸ਼ ਕਰਨ ਵਾਲਾ ਅਥਵਾ—'ਜਾਗਤ ਜੋਤਿ' ਨਾਲ ਮਿਲਾਉਣ ਵਾਲਾ,

੩. ਕਿਸੇ ਧਰਮ ਦਾ ਮੋਢੀ, ਜਾਂ ਸੰਚਾਲਕ

੪. ਵੱਡਾ, ਪਰਧਾਨ, ਧਰਮ ਉਪਦੇਸ਼ਟਾ

੫. ਅਜ ਦੇ ਵਾਤਾਵਰਨ ਵਿਚ ਨਿਖੇਧੀ ਭਾਵ ਵਿਚ ਬਹੁਤ ਚਲਾਕ ਆਦਮੀ ਨੂੰ 'ਗੁਰੂ ਜੀ', 'ਗੁਰੂ ਘੰਟਾਲ' ਆਖ ਕੇ ਸੰਬੋਧਨ ਕੀਤਾ ਜਾਂਦਾ ਹੈ।

ਉਹ ਸਮਾਂ ਅਲੋਪ ਹੋ ਗਿਆ ਜਦੋਂ ਲੋਕਾਂ ਅੰਦਰ ਧਰਮ ਦਾ ਬੀਜ ਬੀਜਿਆ ਜਾਂਦਾ ਸੀ। ਲੋਕ ਗੁਰੂ ਦਾ ਨਾਂ ਸੁਣਦੇ ਹੀ ਕਿਸੇ ਅਲੌਕਿਕ ਪਿਆਰ ਅੰਦਰ ਝੂਮ ਉਠਦੇ ਸਨ। ਲੋਕੀ ਗੁਰੂ ਦੇ ਪਿਆਰੇ ਸਿੱਖਾਂ ਨੂੰ ਗੁਰੂ ਦਾ ਸਰੂਪ ਜਾਣ ਕੇ ਪਿਆਰਦੇ ਅਤੇ ਸਤਿਕਾਰਦੇ ਸਨ। ਜੇ ਕੋਈ ਇੱਕਾ ਦੁੱਕਾ ਮਨੁੱਖ ਗੁਰੂ ਤੋਂ ਵਿਸ਼ਵਾਸਹੀਨ ਹੁੰਦਾ ਸੀ, ਉਹ ਗੁਰੂ-ਧਰੋਹੀ ਗਰਦਾਨਿਆ ਜਾਂਦਾ ਸੀ ਅਤੇ 'ਗੁਰੂ-ਪੰਥ' ਵਿਚੋਂ ਛੇਕ ਦਿੱਤਾ ਜਾਂਦਾ ਸੀ।

ਅਜੋਕੇ ਵਾਤਾਵਰਨ ਵਿਚ ਧਰਮ ਰੁੱਖ ਦੀ ਠੰਡੀ ਛਾਂ ਮਾਨਣ ਵਾਲੇ ਪ੍ਰੀਤਵਾਨਾਂ ਦੀ ਗਿਣਤੀ ਨਾਮ ਮਾਤਰ ਹੀ ਹੈ। ਗੁਰਦੁਆਰਿਆਂ ਦੇ ਹਾਲ ਐਤਵਾਰ ਜਾਂ ਹੋਰ ਕਿਸੇ ਤਹਿਵਾਰ ਵਾਲੇ ਦਿਨ ਭਾਵੇਂ ਸੰਗਤਾਂ ਨਾਲ ਭਰੇ ਹੋਏ ਦਿਸਦੇ ਹਨ ਪਰ ਨਿਤ ਗੁਰੂ ਦੇ ਦਰਸ਼ਨ ਕਰਨ ਵਾਲੀਆਂ ਸੰਗਤਾਂ ਬਹੁਤ ਥੋੜ੍ਹੀਆਂ ਹਨ। ਇਸ ਲਈ ਬਹੁ-ਗਿਣਤੀ ਦਾ ਰੋਜ਼ਾਨਾ ਗੁਰੂ ਦੀ ਹਾਜ਼ਰੀ ਵਿਚ ਹਾਜ਼ਰ ਨਾ ਹੋਣਾ ਇਸ ਗਲ ਦਾ ਪ੍ਰਤੀਕ ਹੈ ਕਿ ਲੋਕਾਂ ਅੰਦਰ 'ਦੇਖਾ-ਦੇਖੀ' ਦਾ ਧਰਮ ਅਤੇ ਸਿੱਖੀ ਹੈ। ਉਨ੍ਹਾਂ ਅੰਦਰ ਗੁਰੂ ਦੀ ਪਛਾਣ ਤੇ ਪ੍ਰਤੀਤ ਨਹੀਂ ਹੈ। ਇਸ ਲਈ ਗੁਰਦੇਵ ਜੀ ਫਰਮਾਉਂਦੇ ਹਨ।

ਦੇਖਾ ਦੇਖੀ ਸਭ ਕਰੇ,
ਮਨਮੁਖਿ ਬੂਝ ਨ ਪਾਇ ॥
ਜਿਨ ਗੁਰਮੁਖਿ ਹਿਰਦਾ ਸੁਧੁ ਹੈ,
ਸੇਵ ਪਈ ਤਿਨ ਥਾਇ ॥ (ਪੰ. ੨੮)

ਗੁਰਦੁਆਰਿਆਂ ਵਿਚ ਜਦੋਂ ਕੋਈ ਪਰਚਾਰਕ ਜਾਂ ਕਥਾਕਾਰਕ ਗੁਰਬਾਣੀ ਦੇ ਉਪਦੇਸ਼ਾਂ ਨੂੰ ਸੁਣਾਉਂਦੇ ਹਨ ਤਾਂ ਉਨ੍ਹਾਂ ਉਪਦੇਸ਼ਾਂ ਨੂੰ ਪਲੇ ਬੰਨ੍ਹਣ ਦੀ ਥਾਂ ਲੋਕੀ ਉਨ੍ਹਾਂ ਉਤੇ ਟੀਕਾ-ਟਿਪਣੀਆਂ ਕਰਨੀਆਂ ਅਰੰਭ ਦੇਂਦੇ ਹਨ। ਅਜਿਹੇ ਮੌਕੇ ਦਾ ਆਚਰਨਹੀਨ ਮਨੁੱਖ (ਅਥਵਾ ਗੁਰੂ-ਨਿੰਦਕ) ਅਯੋਗ ਲਾਭ ਉਠਾਉਂਦੇ ਹਨ। ਗੁਰਬਾਣੀ ਦਾ ਮਖੌਲ ਉਡਾਉਣ ਵਾਲੇ ਮੂਰਖਾਂ ਨੂੰ ਇਹ ਪਤਾ ਨਹੀਂ ਕਿ ਬਾਣੀ 'ਗੁਰੂ' ਹੈ। ਉਹ ਇਸ ਗਲ ਦਾ ਪ੍ਰਚਾਰ



www.AKJ.Org

ਕਰਦੇ ਹਨ ਕਿ ਗੁਰੂ ਦੀ ਪੁਰਾਣੇ ਜ਼ਮਾਨੇ ਵਿਚੋਂ ਜਦੋਂ ਅਨਪੜ੍ਹਤਾ ਸੀ ਲੋੜ ਹੁੰਦੀ ਸੀ, ਅਜ ਕਲ ਵਡੇ ਵਡੇ ਕਾਲਜ ਤੇ ਯੂਨੀਵਰਸਿਟੀਆਂ ਖੁਲ੍ਹ ਗਈਆਂ ਹਨ, ਜਿਨ੍ਹਾਂ ਵਿਚੋਂ ਹਰ ਪਰਕਾਰ ਦੀ ਵਿਦਿਆ ਦਾ ਗਿਆਨ ਪ੍ਰਾਪਤ ਹੋ ਸਕਦਾ ਹੈ। ਇਸ ਲਈ ਗੁਰੂ ਦੀ ਕੀ ਲੋੜ ਪਈ ਹੈ ?

ਗੁਰੂ ਦੀ ਲੋੜ ਇਕ ਸੂਖਮ ਵੀਚਾਰ ਹੈ। ਜਦੋਂ ਤੀਕ ਮਨੁੱਖ ਦੀਆਂ ਅਖਾਂ ਤੋਂ ਅਗਿਆਨਤਾ ਦੀ ਪਟੀ ਨਹੀਂ ਖੁਲ੍ਹਦੀ, ਉਦੋਂ ਤੀਕ ਜੀਵਨ-ਮਨੋਰਥ ਦੀ ਸੋਝੀ ਨਹੀਂ ਆ ਸਕਦੀ। ਜੀਵਨ ਗੁੰਝਲਾਂ ਵਿਚ ਫਸਿਆ ਹੋਇਆ ਮਨੁੱਖ ਜਦੋਂ ਛੁਟਕਾਰੇ ਦਾ ਰਾਹ ਲਭਦਾ ਹੈ ਤਾਂ ਇਹ ਗੁਰੂ ਦੀ ਲੋੜ ਨੂੰ ਅਨੁਭਵ ਕਰਦਾ ਹੈ।

ਸਭ ਦੇ ਵੇਖਣ ਵਿਚ ਇਹ ਗਲ ਆਉਂਦੀ ਹੈ ਕਿ ਛੋਟਾ ਬੱਚਾ ਅੱਗ ਤੇ ਸੱਪ ਨੂੰ ਕਿਵੇਂ ਚਾਈਂ ਚਾਈਂ ਫੜਨ ਲਈ ਆਪਣਾ ਹੱਥ ਅਗੇ ਵਧਾਉਂਦਾ ਹੈ। ਕਿਉਂ ? ਇਸ ਲਈ ਕਿ ਬੱਚੇ ਨੂੰ ਅੱਗ ਤੇ ਸੱਪ ਬਾਰੇ ਗਿਆਨ ਨਹੀਂ ਹੁੰਦਾ ਕਿ ਉਨ੍ਹਾਂ ਦਾ ਖੋਟਾ ਸੁਭਾਅ ਉਸ ਦੀ ਮੌਤ ਦਾ ਕਾਰਨ ਬਣ ਸਕਦਾ ਹੈ। ਬੱਚਾ ਜਦੋਂ ਅੱਗ ਜਾਂ ਸੱਪ ਨੂੰ ਫੜਨ ਲਗੇ ਤਾਂ ਮਾਤਾ ਪਿਤਾ ਝਟ ਹੀ ਘਬਰਾ ਉਠਦੇ ਹਨ। ਬੱਚੇ ਨੂੰ ਅਜਿਹੇ ਕਰਤਵ ਤੋਂ ਹਟਾਉਂਦੇ ਹਨ। ਨਾਲ ਹੀ ਸਿਖਿਆ ਦੇਂਦੇ ਹਨ। ਬੱਚੇ ਅੰਦਰ ਵੀ ਡਰ ਦਾ ਅੰਸ਼ ਹੁੰਦਾ ਹੈ। ਇਸ ਲਈ ਉਹ ਮਾਤਾ ਪਿਤਾ ਦਾ ਆਖਾ ਮੰਨ ਕੇ ਪਿਛੇ ਹਟ ਜਾਂਦਾ ਹੈ। ਇਸ ਦ੍ਰਿਸ਼ਟਾਂਤ ਨੂੰ ਗੁਰਬਾਣੀ ਵਿਚ ਇਉਂ ਨਿਰੂਪਣ ਕੀਤਾ ਗਿਆ ਹੈ :—

ਚੰਚਲ ਮਤਿ ਬਾਰਿਕ ਬਪੁਰੇ ਕੀ,
ਸਰਪ ਅਗਨਿ ਕਰ ਮੇਲੈ ॥
ਮਾਤਾ ਪਿਤਾ ਕੰਠਿ ਲਾਇ ਰਾਖੈ,
ਅਨਦ ਸਹਿਜ ਤਬ ਖੇਲੈ ॥ (ਪੰ. ੧੨੬੬)

ਉਹ ਅਨਜਾਣ ਬਾਲਕ ਜਦੋਂ ਜਵਾਨ ਹੁੰਦਾ ਹੈ ਤਾ ਉਸ ਨੂੰ ਕੋਈ ਇਹ ਆਖੇ ਕਿ ਉਹ ਸੱਪ ਤੇ ਅੱਗ ਨੂੰ ਫੜੇ ਤਾਂ ਅਜਿਹਾ ਕਹਿਣ ਵਾਲੇ ਨੂੰ ਉਹ ਮੂਰਖ ਹੀ ਆਖੇਗਾ। ਕਿਉਂ ? ਮਾਤਾ ਪਿਤਾ ਦੇ ਉਪਦੇਸ਼ ਦਾ ਸਦਕਾ ਉਸ ਨੂੰ ਇਸ ਗਲ ਦਾ ਗਿਆਨ ਹੋ ਚੁਕਾ ਹੁੰਦਾ ਹੈ। ਠੀਕ ਇਸੇ ਤਰ੍ਹਾਂ ਸੱਚਾ ਗੁਰੂ ਜਗਿਆਸੂ ਰੂਪ ਬਾਲਕ ਨੂੰ ਯਥਾਰਥ ਗਿਆਨ ਦੀ ਸੋਝੀ ਕਰਾਉਂਦਾ ਹੈ ਕਿ :–

ਸੱਪ ਕੀ ਹੈ ? — ਮਾਇਆ
'ਸਰਪਨੀ ਤੇ ਊਪਰਿ ਨਹੀਂ ਬਲੀਆ'
ਜਿਨਾ ਬ੍ਰਹਮਾ, ਬਿਸਨ, ਮਹਾ ਦੇਉ ਤਲੀਆ।
ਅੱਗ ਕੀ ਹੈ ? — ਤ੍ਰਿਸ਼ਨਾ
ਬਾਲਕ ਕੌਣ ਹੈ ? — ਕੱਚਾ (ਅਗਿਆਨੀ) ਮਨੁੱਖ
ਗੁਰੂ ਕੌਣ ਹੈ ? — ਸ਼ਬਦ

ਉਪਰੋਕਤ ਵਿਆਖਿਆ ਦਾ ਅੰਤਰੀਵ ਭਾਵ ਇਹ ਹੈ ਕਿ ਸਪ (ਮਾਇਆ) ਨੂੰ ਫੜਨ ਲਈ ਛੋਟਾ ਬਾਲਕ (ਅਗਿਆਨੀ ਮਨੁੱਖ) ਚਾਈਂ ਚਾਈਂ ਅਗੇ ਵਧਦਾ ਹੈ ਪਰ ਉਸ ਨੂੰ ਇਹ ਸੋਝੀ ਨਹੀਂ ਕਿ ਸਪ ਦੇ ਡਸਣ ਨਾਲ ਅਤੇ ਅੱਗ (ਤ੍ਰਿਸ਼ਨਾ) ਦੇ ਸਾੜਨ ਨਾਲ ਇਸ ਦੀ ਮੌਤ ਹੋ ਜਾਵੇਗੀ। ਜਿਸ ਮਨੋਰਥ ਲਈ ਮਨੁੱਖਾ ਜਨਮ ਮਿਲਿਆ ਹੈ, ਉਹ ਵਿਸ਼ਿਆਂ ਵਿਕਾਰਾਂ ਵਿਚ ਅਜਾਈਂ ਚਲਾ ਜਾਵੇਗਾ। ਮਨੁੱਖ ਦੀ ਇਸ ਕੁਢੰਗੀ ਚਾਲ ਨੂੰ ਵੇਖ ਕੇ ਸਤਿਗੁਰ ਜੀ ਮਾਤਾ ਪਿਤਾ ਦੀ ਨਿਆਈਂ ਆਪਣੇ ਗਿਆਨ ਰੂਪੀ ਸ਼ਬਦ ਦੁਆਰਾ ਆਵਾਜ਼ ਦੇਂਦੇ ਹਨ :–

ਹਥ ਨਾ ਲਾਈ ਕਸੁੰਭੜੇ ਜਲਿ ਜਾਸੀ ਢੋਲਾ।
(ਪੰ. ੭੯੪)

ਹੇ ਢੋਲਾ (ਪਿਆਰੇ ਜੀ) ਕਸੁੰਭੜੇ ਰੂਪ ਮਾਇਆ ਨੂੰ ਨਾ ਫੜੀਂ (ਇਹ ਸਰਪਨੀ ਹੈ ਇਸ ਦੀ ਵਿਸ ਚੜ੍ਹਨ


www.AKJ.Org

ਨਾਲ ਮਰ ਜਾਵੇਂਗਾ ਭਾਵ ਮਾਇਆ ਦੀ ਤ੍ਰਿਸ਼ਨਾ ਰੂਪੀ ਅੱਗ ਨਾਲ) ਸੜ ਕੇ ਸੁਆਹ ਹੋ ਜਾਵੇਂਗਾ। ਜਿਵੇਂ ਬੱਚਾ ਆਪਣੇ ਮਾਤਾ ਪਿਤਾ ਦੇ ਉਪਦੇਸ਼ ਨਾਲ ਆਪਣੀ ਜਾਨ ਬੱਚਾ ਲੈਂਦਾ ਹੈ ਤਿਵੇਂ ਇਕ ਸਿੱਖ ਜਗਿਆਸੂ ਗੁਰੂ ਦੀ ਸਿਖਿਆ ਧਾਰਨ ਨਾਲ ਆਪਣਾ ਆਪ ਗਵਾ ਕੇ ਆਪਣੇ ਜੀਵਨ ਨੂੰ ਪ੍ਰਫੁਲਤ ਕਰ ਲੈਂਦਾ ਹੈ। ਇਸ ਲਈ ਗੁਰੂ ਦੇਵ ਜੀ ਦੀ ਪਦਵੀ ਨੂੰ ਪਰਮੇਸ਼ਰ ਨਾਲ ਤੁਲਨਾ ਦਿਤੀ ਹੈ। ਆਰਥਕ ਤੇ ਪਰਮਾਰਥਕ, ਆਤਮਕ ਤੇ ਅਧਿਆਤਮਕ ਹਰੇਕ ਪਖ ਤੋਂ ਸਭ ਕੁਝ ਗੁਰੂ ਹੀ ਗੁਰੂ ਹੈ। ਜਿਵੇਂ :—

ਗੁਰਦੇਵ ਮਾਤਾ ਗੁਰਦੇਵ ਪਿਤਾ,
ਗੁਰਦੇਵ ਸੁਆਮੀ ਪਰਮੇਸੁਰਾ ॥
ਗੁਰਦੇਵ ਸਖਾ ਅਗਿਆਨ ਭੰਜਨੁ,
ਗੁਰਦੇਵ ਬੰਧਿਪ ਸਹੋਦਰਾ ॥
ਗੁਰਦੇਵ ਦਾਤਾ ਹਰਿਨਾਮੁ ਉਪਦੇਸੈ,
ਗੁਰਦੇਵ ਮੰਤੁ ਨਿਰੋਧਰਾ ॥
ਗੁਰਦੇਵ ਸਾਂਤਿ ਸਤਿ ਬੁਧਿ ਮੂਰਤਿ,
ਗੁਰਦੇਵ ਪਾਰਸ ਪਰਸਪਰਾ ॥
ਗੁਰਦੇਵ ਤੀਰਥੁ ਅੰਮ੍ਰਿਤ ਸਰੋਵਰ,
ਗੁਰਦੇਵ ਮਜਨੁ ਅਪਰੰਪਰਾ ॥
ਗੁਰਦੇਵ ਕਰਤਾ ਸਭਿ ਪਾਪ ਹਰਤਾ,
ਗੁਰਦੇਵ ਪਤਿਤ ਪਵਿਤ ਕਰਾ ॥
ਗੁਰਦੇਵ ਆਦਿ ਜੁਗਾਦਿ ਜੁਗੁ ਜੁਗੁ,
ਗੁਰਦੇਵ ਮੰਤੁ ਹਰਿਜਪੁ ਉਧਰਾ ॥
ਗੁਰਦੇਵ ਸੰਗਤਿ ਪ੍ਰਭ ਮੇਲਿ ਕਰਿ ਕਿਰਪਾ,
ਹਮ ਮੂੜ ਪਾਪੀ ਜਿਤੁ ਲਗਿ ਤਰਾ ॥
ਗੁਰਦੇਵ ਸਤਿਗੁਰੂ ਪਾਰਬ੍ਰਹਮੁ ਪਰਮੇਸਰੁ,
ਗੁਰਦੇਵ ਨਾਨਕ ਹਰਿ ਨਮਸਕਾਰਾ ॥
(ਪੰ. ੨੬੨)

ਇਸੇ ਲਈ ਨਲ ਭਟ ਨੇ ਇਥੇ ਵਿਸ਼ਵਾਸ ਨੂੰ ਦ੍ਰਿੜ ਕਰਾਇਆ ਹੈ :—

ਗੁਰ ਬਿਨੁ ਘੋਰੁ ਅੰਧਾਰੁ,
ਗੁਰੂ ਬਿਨੁ, ਸਮਝ ਨ ਆਵੈ ॥
ਗੁਰ ਬਿਨੁ ਸੁਰਤਿ ਨ ਸਿਧਿ;
ਗੁਰੂ ਬਿਨੁ, ਮੁਕਤਿ ਨ ਪਾਵੈ ॥
ਗੁਰੁ ਕਰੁ ਸਚੁ ਬੀਚਾਰੁ,
ਗੁਰੂ ਕਰੁ, ਰੇ ਮਨ ਮੇਰੇ ॥
ਗੁਰੁ ਕਰੁ ਸਬਦ ਸਪੁੰਨ,
ਅਘਨ ਕਟਹਿ ਸਭ ਤੇਰੇ ॥
ਗੁਰੁ ਨਯਣਿ ਬਯਣਿ ਗੁਰੁ ਗੁਰੁ ਕਰਹੁ
ਗੁਰੂ ਸਤਿ, ਕਵਿ ਨਲ ਕਹਿ ॥
ਜਿਨਿ ਗੁਰੂ ਨ ਦੇਖਿਅਉ,
ਨਹੁ ਕੀਅਉ, ਤੇ ਅਕਯਥ, ਸੰਸਾਰ ਮਹਿ ॥
(ਪੰ. ੧੩੯੯)

ਗੁਰਦੇਵ ਜੀ ਨੇ ਆਲੋਚਨਾ ਕਰਨ ਵਾਲੇ ਜਗਿਆਸੂ ਪ੍ਰਤੀ ਹੀ ਹੇਠ ਲਿਖੀਆਂ ਪੰਕਤੀਆਂ ਰਾਹੀਂ ਉਪਦੇਸ਼ ਦਿੱਤਾ ਹੈ :–

ਭਾਈ ਰੇ, ਗੁਰ ਬਿਨੁ ਗਿਆਨੁ ਨ ਹੋਇ ॥
ਪੂਛਹੁ ਬ੍ਰਹਮੇ ਨਾਰਦੈ, ਬੇਦ ਬਿਆਸੈ ਕੋਇ ॥
(ਪੰ. ੫੯)

ਸਿੱਖ ਧਰਮ ਦਾ ਮੂਲ ਮੰਤਰ ਹੀ ਗੁਰੂ ਲੋੜ ਦੀ ਮੋਹਰ ਛਾਪ ਹੈ। ਗੁਰੂ ਨਾਨਕ ਦੇਵ ਜੀ ਨੇ ਆਪਣੇ ਗੁਰੂ (ਅਕਾਲ ਪੁਰਖ) ਦੇ ਸਰੂਪ ਦੀ ਪ੍ਰਾਪਤੀ ਦੀ ਜੁਗਤੀ ਹੀ 'ਗੁਰ ਪ੍ਰਸਾਦਿ' ਦਸੀ ਹੈ। ਭਾਵ ਗੁਰੂ ਦੀ ਕਿਰਪਾ ਦੁਆਰਾ ਅਸੀਂ '੧ਓ ਸਤਿਨਾਮ, ਕਰਤਾ ਪੁਰਖ ਅਕਾਲ ਮੂਰਤਿ ਅਜੂਨੀ ਸੈਭੰ' ਦੇ ਦਰਸ਼ਨ ਕਰ ਸਕਦੇ ਹਾਂ।

ਜੇ ਕੋਈ ਇਹ ਆਖੇ ਕਿ 'ਜੋਤਿ ਹਰੇਕ ਮਨੁਖ ਦੇ


www.AKJ.Org

ਅੰਦਰ ਹੈ ਅਤੇ ਉਸਦਾ ਪ੍ਰਕਾਸ਼ ਆਪਣੇ ਆਪ ਹੋ ਜਾਂਦਾ ਹੈ, ਠੀਕ ਨਹੀਂ ਹੈ। ਕਿਉਂਕਿ ਪਹਿਲਾਂ 'ਗੁਰਸਾਖੀ' ਦਾ ਉਜਿਆਰਾ ਹੁੰਦਾ ਹੈ ਤਾਂ 'ਨੂਰੀ ਜੋਤਿ' ਦੇ ਦਰਸ਼ਨ ਹੁੰਦੇ ਹਨ। ਮਨੁੱਖ ਦੇ ਸਰੀਰ ਰੂਪੀ ਕੋਠੇ ਨੂੰ ਅਗਿਆਨਤਾ ਰੂਪੀ ਜੰਦਰਾ ਵਜਿਆ ਹੋਇਆ ਹੈ। ਉਸ ਜੰਦਰੇ ਨੂੰ ਖੋਲ੍ਹਣ ਦੀ ਕੁੰਜੀ ਕਿਸੇ ਦੇਹਧਾਰੀ ਗੁਰੂ ਕੋਲ ਨਹੀਂ। ਕੇਵਲ ਸ੍ਰੀ ਗੁਰੂ ਗਰੰਥ ਜੀ ਮਹਾਰਾਜ ਪਰੀ ਪੂਰਨ ਗੁਰੂ ਜੋ ਆਤਮ ਪ੍ਰਕਾਸ਼ ਦਾ ਦੀਵਾ ਬਾਲਣ ਦੇ ਸਮਰਥ ਹਨ, ਪਾਸ ਕੁੰਜੀ ਰਖੀ ਹੋਈ ਹੈ।

੧. ਬਿਨੁ ਸਬਦੈ, ਅੰਤਰਿ ਆਨੇਰਾ,
ਨ ਵਸਤੁ ਲਹੈ, ਨ ਚੂਕੈ ਫੇਰਾ ॥
ਸਤਿਗੁਰ ਹਥਿ ਕੁੰਜੀ,
ਹੋਰਤੁ ਦਰੁ ਖੁਲੈ ਨ ਸਹੀ,
ਗੁਰੁ ਪੂਰੈ ਭਾਗਿ ਮਿਲਾਵਣਿਆ ॥(ਪੰ: ੧੨੪)

੨. ਗੁਰੁ ਕੁੰਜੀ ਪਾਹੂ ਨਿਵਲੁ,
ਮਨੁ ਕੋਠਾ ਤਨੁ ਛਤਿ ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ,
ਅਵਰ ਨ ਕੁੰਜੀ ਹਥਿ ॥ (ਪੰ: ੧੨੩੭)

੩. ਜੇ ਸਉ ਚੰਦਾ ਉਗਵਹਿ,
ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆ,
ਗੁਰ ਬਿਨੁ ਘੋਰ ਅੰਧਾਰ ॥
(ਪੰ. ੪੬੩)

੪. ਅੰਧੇ ਚਾਨਣ ਤਾ ਥੀਐ,
ਜਾ ਸਤਿਗੁਰ ਮਿਲੈ ਰਜਾਇ ॥
ਬੰਧਨ ਤੋੜੈ, ਸਚਿ ਵਸੈ,
ਅਗਿਆਨੁ ਅੰਧੇਰਾ ਜਾਇ ॥

੫. ਗੁਰੁ ਦਾਤਾ ਗੁਰੁ ਹਿਵੈ ਘਰੁ,
ਗੁਰੁ ਦੀਪਕੁ ਤਿਹ ਲੋਇ ॥ (ਪੰ: ੫੫੬)
ਅਮਰ ਪਦਾਰਥੁ ਨਾਨਕਾ,
ਮਨਿ ਮਾਨਿਐ ਸੁਖੁ ਹੋਇ ॥ (ਪੰ: ੧੩੭)

ਸਾਨੂੰ ਗੁਰਬਾਣੀ ਦੁਆਰਾ ਇਸ ਗਲ ਦਾ ਗਿਆਨ ਹੁੰਦਾ ਹੈ ਕਿ ਅਸੀਂ ਕਈ ਜਨਮਾਂ ਵਿਚ ਭਉਂਦੇ ਭਉਂਦੇ ਵਰਤਮਾਨ ਸਰੂਪ (ਮਨੁੱਖਾ ਦੇਹੀ) ਵਿਚ ਆਏ ਹਾਂ। ਜਿਵੇਂ :—

੧. ਕਈ ਜਨਮ ਭਏ ਕੀਟ ਪਤੰਗਾ ॥
ਕਈ ਜਨਮ ਗਜ ਮੀਨ ਕੁਰੰਗਾ ॥
ਕਈ ਜਨਮ ਪੰਖੀ ਸਰਪ ਹੋਇਓ ॥
ਕਈ ਜਨਮ ਹੈਵਰ ਬ੍ਰਿਖ ਜੋਇਓ ॥ ੧ ॥
ਮਿਲੁ ਜਗਦੀਸ ਮਿਲਨ ਕੀ ਬਰੀਆ ॥
ਚਿਰੰਕਾਲ ਇਹ ਦੇਹ ਸੰਜਰੀਆ ॥
(ਪੰ: ੧੭੬)

੨. ਫਿਰਤ ਫਿਰਤ ਬਹੁਤੇ ਜੁਗ ਹਾਰਿਓ,
ਮਾਨਸ ਦੇਹੀ ਲਹੀ ॥
ਨਾਨਕ ਕਹਤ ਮਿਲਨ ਕੀ ਬਰੀਆ,
ਸਿਮਰਤ ਕਹਾ ਨਹੀ ॥ (ਪੰ: ੬੩੨)

ਜਿਵੇਂ ਸੰਸਾਰ ਤੇ ਜਿਤਨੀਆਂ ਚੀਜ਼ਾਂ ਹਨ ਹਰੇਕ ਦਾ ਆਪੋ ਆਪਣਾ ਮੰਤਵ ਹੈ। ਇਸੇ ਤਰ੍ਹਾਂ ਮਨੁੱਖ ਦੇਹੀ ਦੀ ਪ੍ਰਾਪਤੀ ਦਾ ਵੀ ਇਕ ਖਾਸ ਮਨੋਰਥ ਹੈ। ਉਸੇ ਮਨੋਰਥ ਨੂੰ ਸਮਝਣ ਲਈ ਗੁਰੂ ਦੀ ਲੋੜ ਹੈ। ਜਦੋਂ ਅੰਤਰ ਆਤਮੇ ਗੁਰਬਾਣੀ ਰਾਹੀਂ ਗੁਰੂ ਦੇਵ ਜੀ ਹਲੂਣਾ ਦੇਂਦੇ ਹਨ ਤਾਂ ਭਗਤ ਕਬੀਰ ਜੀ ਦੇ ਅੰਮ੍ਰਿਤ ਬਚਨ ਝਟ ਚੇਤੇ ਆ ਜਾਂਦੇ ਹਨ :—

ਭਜਹੁ ਗੋਬਿੰਦ ਭੂਲਿ ਮਤਿ ਜਾਹੁ ॥
ਮਾਨਸ ਜਨਮ ਕਾ ਏਹੀ ਲਾਹੁ ॥
(ਪੰ: ੧੧੫੯)

ਇਸ ਜਨਮ ਦਾ ਲਾਹ ਖਟਣ ਲਈ ਵੀ ਗੁਰੂ ਉਪਦੇਸ਼ ਦੀ ਲੋੜ ਹੈ। ਜਿਵੇਂ ਇਕ ਵਪਾਰੀ ਹਟੀ ਵਿਚ



www.AKJ.Org

ਵਖਰ ਰਖ ਕੇ ਵਪਾਰ ਕਰਦਾ ਹੈ ਤੇ ਉਸ ਤੋਂ ਲਾਭ ਪ੍ਰਾਪਤ ਕਰਦਾ ਹੈ ਤਿਵੇਂ ਸਾਡਾ ਸਰੀਰ ਵੀ ਇਕ ਹਟੀ ਦੀ ਨਿਆਈਂ ਹੈ ਤੇ ਅਸੀਂ ਮਨ ਨੂੰ ਵਣਜਾਰਾ ਮਿੱਤਰ ਬਣਾਉਣਾ ਹੈ, ਸੌਦਾ ਖਰੀਦਣਾ ਹੈ। ਇਸ ਹਟੀ ਵਿਚ ਬੈਠ ਕੇ ਹੀ ਖਟੀ ਖਟਣੀ ਹੈ। ਪਰ ਸਭ ਤੋਂ ਪਹਿਲਾਂ ਹੱਟੀ ਵਿਚ ਸੌਦੇ ਦੀ ਲੋੜ ਹੈ। ਜਿਵੇਂ ਬਿਨਾਂ ਪੈਸੇ ਦਿਤੇ ਸੌਦਾ ਨਹੀਂ ਮਿਲਦਾ, ਤਿਵੇਂ ਗੁਰੂ ਤੋਂ ਬਿਨਾਂ ਨਿਰਾ ਘਾਟਾ ਹੀ ਘਾਟਾ ਹੈ। ਜਿਵੇਂ :-

ਬਿਨ ਦਾਮ ਕੇ ਸਉਦਾ ਨਹੀ ਹਾਟ ।।
ਬਿਨ ਬੋਹਿਥ ਸਾਗਰ ਨਹੀ ਵਾਟ ।।
ਬਿਨੁ ਗੁਰ ਸੇਵੇ ਘਾਟੇ ਘਾਟਿ ।।

(ਪੰ. ੨੨੬)

ਉਸ ਸੌਦੇ ਦੀ ਪ੍ਰਾਪਤੀ ਲਈ ਸੋਝੀ ਦੀ ਲੋੜ ਹੈ। ਇਸ ਸਰੀਰ ਰੂਪੀ ਹੱਟੀ ਵਿਚ ਵਸਤੂ ਕਿਧਰੋਂ ਪੈਸੇ ਦੇ ਕੇ ਬਾਹਰਲੇ ਬਾਜ਼ਾਰ ਵਿਚੋਂ ਨਹੀਂ ਲਿਆਉਣੀ, ਨਾ ਹੀ ਕਿਸੇ ਪਾਸੋਂ ਉਧਾਰੀ ਮੰਗ ਕੇ ਪਾਉਣੀ ਹੈ। ਉਹ ਵਸਤੂ ਸਾਡੇ ਸਰੀਰ (ਘਰ) ਵਿਚ ਹੈ ਪਰ ਘਰ ਵਿਚ ਹੁੰਦੇ ਹੋਇਆਂ ਵੀ ਨਜ਼ਰੀਂ ਨਹੀਂ ਪੈਂਦੀ। ਇਹ ਇਕ ਅਸਚਰਜ ਖੇਡ ਹੈ। ਬਸ ਤੱਤ ਵਾਲੀ ਇਹੋ ਗਲ ਹੈ ਕਿ ਜਿਹੜਾ ਇਸ ਵਸਤੂ ਨੂੰ ਇਸ ਦੇਹੀ ਦੇ ਅੰਦਰ ਹੀ ਵਿਖਾ ਦੇਵੇ ਸਾਨੂੰ ਉਸ ਦੀ ਲੋੜ ਹੈ :—

੧. ਘਰ ਮਹਿ ਘਰੁ ਦੇਖਾਇ ਦੇਇ,
ਸੋ ਸਤਿਗੁਰੁ ਪੁਰਖੁ ਸੁਜਾਣੁ ।।

(ਪੰ: ੧੨੯੧)

ਉਸ ਵਸਤੂ ਦੀ ਸੋਝੀ, ਜਾਣ ਪਛਾਣ ਗੁਰੂ ਨੇ ਆਪਣੇ ਸ਼ਬਦ ਦੁਆਰਾ ਕਰਾਉਣੀ ਹੈ। ਉਹ ਅੰਮ੍ਰਿਤ ਨਾਮ ਰੂਪੀ ਵਸਤੂ ਸਤਿਗੁਰੂ ਕੋਲ ਹੈ, ਹੋਰ ਕਿਸੇ ਪਾਸੋਂ ਨਹੀਂ ਮਿਲਦੀ। ਇਸ ਲਈ ਗੁਰਦੇਵ ਜੀ ਮੁੜ ਮੁੜ ਉਪਦੇਸ਼ ਦੇਂਦੇ ਹਨ ਕਿ ਹੇ ਭਾਈ, ਉਸ ਵਸਤੂ ਦੀ ਪ੍ਰਾਪਤੀ ਲਈ ਕਿਤੇ ਬਾਹਰ ਜੰਗਲਾਂ, ਪਹਾੜਾਂ ਦੀਆਂ ਕੰਧਰਾਂ ਆਦਿ ਵਿਚ ਜਾਣ ਦੀ ਖੇਚਲ ਨਾ ਕਰੋ। ਉਹ ਵਸਤੂ ਤੇਰੇ ਅੰਦਰ ਹੀ ਹੈ। ਗੁਰਦੁਆਰਾ ਹਿਰਦੇ ਵਿਚੋਂ ਢੂੰਡ ਜਿਵੇਂ ਗੁਰਦੇਵ ਜੀ ਫੁਰਮਾਉਂਦੇ ਹਨ :—

ਜਿਸੁ ਜਲਨਿਧਿ ਕਾਰਣਿ ਤੁਮ ਜਗਿ ਆਏ,
ਸੋ ਅੰਮ੍ਰਿਤੁ ਗੁਰ ਪਾਹੀ ਜੀਉ ।।
ਛੋਡਹੁ ਵੇਸੁ ਭੇਖ ਚਤੁਰਾਈ,
ਦੁਬਿਧਾ ਇਹੁ ਫਲੁ ਨਾਹੀ ਜੀਉ ।। ੧ ।।
ਮਨ ਰੇ, ਥਿਰੁ ਰਹੁ ਮਤੁ ਕਤ ਨਾਹੀ ਜੀਉ ।।
ਬਾਹਰਿ ਢੂਢਤ ਬਹੁਤੁ ਦੁਖੁ ਪਾਵਹਿ,
ਘਰਿ ਅੰਮ੍ਰਿਤੁ ਘਟ ਮਾਹੀ ਜੀਉ ।।

(ਪੰ: ੫੯੮)

ਸਮਝਣ ਵਾਲੀ ਵਡੀ ਗਲ ਇਹ ਹੈ ਕਿ ਸਾਡਾ ਮਨ ਸੂਖਮ ਹੈ ਅਤੇ ਜਿਹੜਾ ਜੰਦਰਾ ਇਸ ਨੂੰ ਮਾਰਿਆ ਹੋਇਆ ਹੈ ਉਹ ਵੀ ਸੂਖਮ ਹੈ। ਜਿਸ ਕੁੰਜੀ ਨਾਲ ਗੁਰਦੇਵ ਜੀ ਨੇ ਇਸ ਜੰਦਰੇ ਨੂੰ ਖੋਲ੍ਹਣਾ ਹੈ ਉਹ ਵੀ ਸੂਖਮ ਹੈ। ਜਿਸ ਜੋਤਿ ਦੇ ਦਰਸ਼ਨ ਕਰਨੇ ਹਨ ਉਹ ਵੀ ਸੂਖਮ ਹੈ ਕਿਉਂਕਿ ਵਾਹਿਗੁਰੂ ਜੀ ਆਪ ਹੀ ਸੂਖਮ ਅਤੇ ਅਗਮ ਅਗੋਚਰ ਹਨ :—

ਹਰਿ ਜੀ ਸੂਖਮੁ ਅਗਮੁ ਹੈ,
ਕਿਤੁ ਬਿਧਿ ਮਿਲਿਆ ਜਾਇ ।।
ਗੁਰ ਕੈ ਸਬਦਿ ਭ੍ਰਮੁ ਕਟੀਐ,
ਅਚਿੰਤੁ ਵਸੈ ਮਨਿ ਆਇ ।।

(ਪੰ: ੭੫੬)

ਜੇ ਕੋਈ ਬਾਹਰਲਾ ਕਾਰੀਗਰ (ਕੱਚਾ ਗੁਰੂ) ਆਪਣੀ ਸਿਆਣਪ ਨਾਲ ਇਸ ਜੰਦਰੇ ਨੂੰ ਬਣਾਉਟੀ ਕੁੰਜੀ ਨਾਲ ਖੋਲ੍ਹਣਾ ਚਾਹੇ ਤਾਂ ਉਸ ਨਾਲ ਨਹੀਂ ਖੁਲ੍ਹੇਗਾ ਕਿਉਂਕਿ ਜੀਵ ਰੂਪੀ ਜਗਿਆਸੂ ਦੇ ਸਾਧਨ ਸਥੂਲ ਰੂਪੀ ਹਨ। ਸਥੂਲ ਹਥੌੜਿਆਂ (ਹਠ-ਸਾਧਨਾਂ)



www.AKJ.Org

ਦੀ ਕੁਟਾਈ ਨਾਲ ਜੰਦਰਾ ਨਿਕੰਮਾ ਹੋ ਜਾਂਦਾ ਹੈ। ਇਸੇ ਤਰ੍ਹਾਂ ਜੇ ਕੋਈ ਜਗਿਆਸੂ ਕਿਸੇ ਕੱਚੇ (ਦੇਹਧਾਰੀ) ਗੁਰੂ ਪਾਸੋਂ ਕੰਨਾਂ ਵਿਚ ਮੰਤ੍ਰ ਲੈ ਕੇ ਮਨ ਨੂੰ ਕਾਬੂ ਕਰਨ ਦਾ ਜਤਨ ਕਰੇ ਤਾਂ ਉਸ ਦੇ ਸਾਰੇ ਜਤਨ ਵਿਅਰਥ ਜਾਣਗੇ। ਜਗਿਆਸੂ ਦੇ ਮਨ ਮੰਦਰ ਵਿਚ ਜੋਤਿ ਦਾ ਪ੍ਰਕਾਸ਼ ਉਦੋਂ ਹੋਵੇਗਾ ਜਦੋਂ ਇਹ ਸੂਖਮ ਸ਼ਬਦ ਨੂੰ ਪ੍ਰਾਪਤ ਹੋਵੇਗਾ। ਕਿਉਂਕਿ :—

ਸਿਧ ਸਮਾਧਿ ਕਰਹਿ ਨਿਤ ਝਗਰਾ,
ਦੁਹੁ ਲੋਚਨ ਕਿਆ ਹੇਰੈ ॥
ਅੰਤਰਿ ਜੋਤਿ ਸਬਦ ਧੁਨਿ ਜਾਗੈ,
ਸਤਿਗੁਰੁ ਝਗਰੁ ਨਿਬੇਰੈ ॥ (ਪੰ: ੪੮੯)

ਸੋ ਮਨੁੱਖੀ ਮਨ ਨੂੰ ਅਗਿਆਨਤਾ ਰੂਪੀ ਲਗਾ ਹੋਇਆ ਜੰਦਰਾ ਸ਼ਬਦ-ਅਭਿਆਸ ਰੂਪੀ ਕੁੰਜੀ ਹੀ ਜੋ ਕਿ ਸੂਖਮ ਰੂਪ ਵਿਚ ਹੈ, ਖੋਲ੍ਹਣ ਦੇ ਸਮਰਥ ਹੈ।

ਜਨਮ ਜਨਮਾਤਰਾਂ ਤੋਂ ਭਰਮਾਂ ਭੁਲੇਖਿਆਂ ਵਿਚ ਪਿਆ ਹੋਇਆ ਮਨੁੱਖ ਅਜੇ ਤੀਕ ਆਪਣੇ ਅਸਲੇ ਦੀ ਪਛਾਣ ਤੋਂ ਕੋਹਾਂ ਦੂਰ ਬੈਠਾ ਹੈ। ਇਸ ਦਾ ਵਡਾ ਕਾਰਨ ਇਹ ਹੈ ਕਿ ਇਸ ਦੀ ਮਨਬ੍ਰਿਤੀ ਗੁਰੂ ਸ਼ਬਦ ਵਿਚ ਟਿਕੀ ਹੀ ਨਹੀਂ। ਕਈ ਭੋਲੇ ਭਾਲੇ ਮਨੁੱਖ ਚੰਨ ਸੂਰਜ ਆਦਿ ਨੂੰ ਗੁਰੂ ਮੰਨ ਕੇ ਰੋਜ਼ ਨਮਸਕਾਰਾਂ ਕਰਦੇ ਹਨ। ਉਨ੍ਹਾਂ ਨੂੰ ਇਸ ਗਲ ਦਾ ਗਿਆਨ ਨਹੀਂ ਕਿ ਚੰਨ, ਤਾਰੇ, ਸੂਰਜ, ਧਰਤੀ ਅਤੇ ਹੋਰ ਰਚਨਾ ਕਾਦਰ ਦੀ ਕੁਦਰਤਿ ਹੈ। ਇਹ ਚੀਜ਼ਾਂ ਸਾਨੂੰ ਕਰਤਾ ਪੁਰਖ ਨਾਲ ਜੋੜਦੀਆਂ ਹਨ ਅਤੇ ਇਹ ਸੋਝੀ ਕਰਾਉਂਦੀਆਂ ਹਨ ਕਿ ਉਨ੍ਹਾਂ ਨੂੰ ਸਿਰਜਨ ਵਾਲੀ ਵੀ ਕੋਈ ਸ਼ਕਤੀ ਹੈ। ਸੋ ਵਾਹਿਗੁਰੂ ਜੀ ਦੀ ਹੋਂਦ ਦਾ ਵਾਹਿਗੁਰੂ ਦੀ ਕੁਦਰਤ ਤੋਂ ਪਤਾ ਲਗਦਾ ਹੈ :—

ਕੁਦਰਤਿ ਕਰਿਕੈ ਵਸਿਆ ਸੋਇ ॥
ਵਖਤੁ ਵੀਚਾਰੇ ਸੁ ਬੰਦਾ ਹੋਇ ॥
(ਪੰ. ੬੪)

ਏਦਾਂ ਦਾ ਗਿਆਨ ਸਤਿਗੁਰੂ ਹੀ ਕਰਾ ਸਕਦਾ ਹੈ। ਗੁਰੂ ਇਕ ਸਮੇਂ ਇਕ ਹੀ ਹੁੰਦਾ ਹੈ, ਬਹੁਤੇ ਨਹੀਂ ਹੁੰਦੇ, ਸਿਖ ਭਾਵੇਂ ਅਨੇਕਾਂ ਹੋਣ। ਜਦੋਂ ਤੀਕ ਸਿਖ ਅੰਦਰ 'ਉਹ ਜੋਤਿ ਤੇ ਜੁਗਤੀ' ਜਿਸ ਦੁਆਰਾ ਗੁਰੂ ਨਾਨਕ ਜੀ ਨੂੰ ਅਕਾਲ ਪੁਰਖ ਪਾਸੋਂ ਗੁਰੂ ਪਦਵੀ ਮਿਲੀ, ਪ੍ਰਾਪਤ ਨਾ ਹੋਵੇ, ਗੁਰੂ ਨਹੀਂ ਬਣ ਸਕਦਾ। ਚੰਗੇ ਜੀਵਨ ਵਾਲੇ, ਰਹਿਣੀ, ਕਹਿਣੀ, ਕਰਨੀ ਦੇ ਸੂਰੇ ਗੁਰਸਿਖ ਨੂੰ ਭਾਈ ਸਾਹਿਬ, ਸੰਤ, ਭਗਤ ਜਾਂ ਗਿਆਨੀ ਦੇ ਲਕਬ ਨਾਲ ਯਾਦ ਕੀਤਾ ਜਾ ਸਕਦਾ ਹੈ, ਪਰ ਗੁਰੂ ਆਖਣਾ ਜਾਂ ਸਮਝਣਾ ਮਹਾਂ ਪਾਪ ਹੈ। ਗੁਰੂ ਦਾ ਸਬੰਧ ਕਿਸੇ ਇਕ ਵਿਅਕਤੀ, ਇਕ ਜਮਾਤ, ਜ਼ਾਤ ਜਾਂ ਇਕ ਫ਼ਿਰਕੇ ਨਾਲ ਨਹੀਂ ਹੁੰਦਾ, ਉਹ ਸਾਰੇ ਜਹਾਨ ਦਾ ਸਾਂਝਾ ਹੁੰਦਾ ਹੈ। ਗੁਰੂ ਖ਼ਾਲਕ ਨੂੰ ਸਭ ਖ਼ਲਕਤ ਵਿਚ ਰਵਿਆ ਹੋਇਆ ਸਮਝਦਾ ਤੇ ਮੰਦਾ ਬੋਲ ਕਿਸੇ ਤਾਈਂ ਨਹੀਂ ਬੋਲਦਾ। ਗੁਰੂ ਸਭ ਜੀਆਂ ਨੂੰ ਪਿਆਰਦਾ ਅਤੇ ਸਵਾਰਦਾ ਹੈ। ਗੁਰੂ ਦਾ ਆਗਮਨ ਅਕਾਲ ਪੁਰਖ ਜੀ ਦੇ ਹੁਕਮ ਵਿਚ ਹੁੰਦਾ ਹੈ। ਉਹ ਜੰਮਣ ਮਰਨ (ਆਵਾਗਉਣ) ਤੋਂ ਰਹਿਤ ਹੁੰਦਾ ਹੈ। ਗੁਰੂ ਆਪ 'ਵਾਹੁ ਵਾਹੁ' ਜਪਦਾ ਹੈ ਤੇ ਲੁਕਾਈ ਨੂੰ 'ਵਾਹੁ ਵਾਹੁ' ਦੀ ਧੁਨੀ ਵਿਚ ਲੀਨ ਕਰਦਾ ਹੈ। ਗੁਰੂ ਗਿਆਨ ਦਾ ਸੂਰਜ ਹੈ। ਉਹ ਸਭ ਵਿਚ ਭਰਪੂਰ ਹੈ ਅਤੇ ਨਿਰਾ ਨੂਰੋ ਨੂਰ ਹੈ। ਇਸ ਲਈ ਸਭ ਜਗਿਆਸੂਆਂ ਨੂੰ ਗੁਰੂ ਗਰੰਥ ਸਾਹਿਬ ਤੋਂ ਸਿਖਿਆ ਲੈ ਕੇ ਤਤ-ਵਸਤੂ ਦੀ ਪਛਾਣ ਕਰਨੀ ਚਾਹੀਦੀ ਹੈ :—

ਗੁਣ ਨਾਨਕੁ ਬੋਲੈ ਭਲੀ ਬਾਣਿ,
ਤੁਮ ਹੋਹੁ ਸੁਜਾਖੇ ਲੇਹੁ ਪਛਾਣਿ ॥
(ਪੰ. ੧੮੯੦)



www.AKJ.Org

# ਭਗਤ ਭੀਖਨ ਜੀ

—ਪ੍ਰੋ: ਗੁਰਮੁਖ ਸਿੰਘ ਜੀ ਕਪੂਰਥਲਾ

ਭਗਤ ਭੀਖਨ ਜੀ ਦਾ ਜਨਮ ਅਤੇ ਬਚਪਨ, ਸਮੇਂ ਦੇ ਧੁੰਧਲੇ ਪਰਛਾਵਿਆਂ ਵਿਚ ਅਲੋਪ ਜਾਪਦਾ ਹੈ। ਸ਼ੁਕਰ ਹੈ ਸਤਿਗੁਰੂ ਮਹਾਰਾਜ ਜੀ ਦਾ ਜਿਨ੍ਹਾਂ ਨੇ ਭਗਤ ਜੀ ਦੀ ਆਤਮਾ ਦੇ ਦਰਸ਼ਨ ਆਪਣੀ ਬਾਣੀ ਰਾਹੀਂ ਕਰਵਾਏ ਹਨ। ਨਾਸ਼ਵਾਨ ਸਰੀਰ ਦਾ ਕੀ ਹੈ।

ਲਿਖਿਆ ਹੈ ਆਪ ਮੁਸਲਮਾਨ ਘਰਾਣੇ ਵਿੱਚ ਪੈਦਾ ਹੋਏ ਕਿਉਂਕਿ ਰੱਬੀ ਲਗਨ ਸੀ, ਇਸ ਕਰਕੇ ਮੁਸਲਮਾਨ ਫ਼ਕੀਰ ਕਰਕੇ ਪ੍ਰਸਿੱਧ ਹੋਏ। ਲਖਨਊ ਦੇ ਇਕ ਪਿੰਡ ਕਾਕੋਰੀ ਵਿਚ ਆਪ ਦਾ ੧੬ਵੀਂ ਸਦੀ ਦੇ ਮੱਧ ਵਿਚ ਜਨਮ ਹੋਇਆ। ਕਈ ਲੋਕਾਂ ਦਾ ਖਿਆਲ ਹੈ ਕਿ ਆਪ ਸੂਫ਼ੀ ਮਤ ਦੇ ਅਨੁਆਈ ਸਨ, ਪਰ ਆਪ ਦੀ ਬਾਣੀ ਤੋਂ ਸੂਫ਼ੀ ਮਤ ਦੀ ਕਿਤੇ ਭੀ ਛਾਪ ਨਹੀਂ ਦਿਸਦੀ। ਦਾਸ ਨੇ ਭੀ ਇਕ ਮੁਸਲਮਾਨ ਸਾਧੂ ਦੇਖਿਆ, ਜੋ ਚੋਲੇ ਕਰਕੇ ਭਾਵੇਂ ਮੁਸਲਮਾਨ ਸੀ ਪਰ ਵਿਚਾਰਾਂ ਕਰਕੇ ਵੇਦਾਂਤੀ ਸੀ। ਇਸੇ ਤਰ੍ਹਾਂ ਮੁਸਲਮਾਨ ਜਾਮੇ ਵਿਚ ਪੈਦਾ ਹੋਣ ਕਰਕੇ ਇਹਨਾਂ ਦਾ ਸੂਫ਼ੀ ਹੋਣਾ ਕੋਈ ਜ਼ਰੂਰੀ ਨਹੀਂ।

ਅਸਾਂ ਇਸ ਬਖੇੜੇ ਤੋਂ ਲੈਣਾ ਭੀ ਕੀ ਹੈ? ਆਓ ਉਹਨਾਂ ਦੇ ਜਿਹੜੇ ਦੋ ਸ਼ਬਦ ਆਏ ਹਨ, ਉਹਨਾਂ ਤੋਂ ਉਹਨਾਂ ਦੇ ਸੰਦੇਸ਼ ਨੂੰ ਸਮਝੀਏ।

੧ ੴ ਸਤਿਗੁਰ ਪ੍ਰਸਾਦਿ ॥
ਰਾਗੁ ਸੋਰਠਿ ਬਾਣੀ ਭਗਤ ਭੀਖਨ ਕੀ ॥
ਨੈਨਹੁ ਨੀਰੁ ਬਹੈ ਤਨੁ ਖੀਨਾ,
ਭਏ ਕੇਸ ਦੁਧ ਵਾਨੀ ॥
ਰੂਧਾ ਕੰਠੁ ਸਬਦੁ ਨਹੀ ਉਚਰੈ,
ਅਬ ਕਿਆ ਕਰਹਿ ਪਰਾਨੀ ॥ ੧ ॥
ਰਾਮ ਰਾਇ ਹੋਹਿ ਬੈਦ ਬਨਵਾਰੀ ॥
ਅਪਨੇ ਸੰਤਹ ਲੇਹੁ ਉਬਾਰੀ ॥
॥ ੧ ॥ ਰਹਾਉ ॥
ਮਾਥੇ ਪੀਰ ਸਰੀਰਿ ਜਲਨਿ ਹੈ,
ਕਰਕ ਕਰੇਜੇ ਮਾਹੀ ॥
ਐਸੀ ਬੇਦਨ ਉਪਜਿ ਖਰੀ ਭਈ,
ਵਾ ਕਾ ਅਉਖਧੁ ਨਾਹੀ ॥ ੨ ॥
ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ
ਇਹੁ ਅਉਖਧੁ ਜਗਿ ਸਾਰਾ ॥
ਗੁਰ ਪਰਸਾਦਿ ਕਹੈ ਜਨੁ ਭੀਖਨੁ
ਪਾਵਉ ਮੋਖ ਦੁਆਰਾ ॥ ੩ ॥ ੧

ਸੋਰਠ ਰਾਗ ਵਿਚ ਆਪ ਜੀ ਦਾ ਇਹ ਪਹਿਲਾ ਸ਼ਬਦ ਹੈ, ਜੋ ਬਿਰਧ ਮਨੁਖ ਨੂੰ ਸੰਬੋਧਨ ਹੋ ਕੇ ਕਹਿ ਰਿਹਾ ਹੈ। ਹੇ ਪ੍ਰਾਣੀ, ਤੇਰੀਆਂ ਅਖਾਂ ਵਿਚੋਂ ਪਾਣੀ ਜਾ ਰਿਹਾ ਹੈ, ਤਨ ਸੁਕ ਕੇ ਹੱਡੀਆਂ ਦੀ ਮੁਠ (**Skeleton**) ਹੋ ਕੇ ਕਮਜ਼ੋਰ ਹੋ ਗਿਆ, ਕੇਸ



www.AKJ.Org

ਚਿਟੇ ਹੋ ਗਏ ਹਨ, ਗਲੇ ਦੀ ਖਰਾਬੀ ਕਾਰਨ ਬੋਲ ਨਿਕਲਦਾ ਨਹੀਂ, ਜੇ ਅਜੇ ਭੀ ਤੂੰ ਉਸ ਮਾਲਕ ਨੂੰ ਚੇਤਿਆ ਨਹੀਂ ਤਾਂ ਕੀ ਕਰ ਰਿਹਾ ਹੈਂ ? ਅਜੇ ਭੀ ਕੁਛ ਨਹੀਂ ਵਿਗੜਿਆ "ਅਜਹੂ ਕਛੁ ਬਿਗਰਿਓ ਨਹੀਂ ਜੋ ਹਰਿ ਗੁਨ ਗਾਵੈ।" ਹੁਣ ਵੀ ਵੇਲਾ ਹੈ ਦੇਹ-ਅਧਿਆਸ ਨੂੰ ਛਡਨ ਦਾ ਸਰੀਰ ਨਾਲੋਂ ਮੋਹ ਤੋੜਨ ਦਾ।

ਰਹਾਉ ਦੀ ਤੁਕ ਵਿਚ ਵਾਹਿਗੁਰੂ ਜੀ ਨੂੰ ਵੈਦ ਆਖਿਆ ਹੈ ਤੇ ਵਾਹਿਗੁਰੂ ਦੇ ਬਿਰਦ-ਪਾਲ ਹੋਣ ਵਲ ਇਸ਼ਾਰਾ ਕੀਤਾ ਹੈ ਕਿ ਹੇ ਪ੍ਰਭੂ ਪਿਤਾ (ਸਰਬ-ਵਿਆਪੀ ਰਾਮ ਰਾਏ ਜੀਓ) ਤੂ ਹਕੀਮ ਬਣ ਕੇ ਆਪਣੇ ਸੰਤਾਂ ਨੂੰ ਦੇਹ-ਅਧਿਆਸ ਦੀ ਬਿਮਾਰੀ ਤੋਂ (ਸਰੀਰ ਨਾਲ ਮੋਹ ਤੋਂ) ਬਚਾ ਲੈਂਦਾ ਹੈਂ। ਇਹ ਤੇਰੀ ਵਡਿਆਈ ਹੈ।

ਰਹਾਉ ਦੀ ਤੁਕ ਅਤੇ ਪਹਿਲੇ ਆਏ ਬਚਨਾਂ ਵਿਚ ਪਰਸਪਰ ਮੇਲ ਹੈ, ਕਿ ਬੁਢੇਪੇ ਦੇ ਇਹਨਾਂ ਸਾਰਿਆਂ ਰੋਗਾਂ ਦਾ ਸੁਚੱਜਾ ਤੇ ਸਰਬ ਸਰੇਸ਼ਟ ਵੈਦ ਵਾਹਿਗੁਰੂ ਆਪ ਹੈ ਜੋ ਗੁਰਪ੍ਰਸਾਦਿ ਰਾਹੀਂ ਰੋਗਾਂ ਤੋਂ ਬਾਂਹ ਪਕੜ ਕੇ ਕਢ ਲੈਂਦਾ ਹੈ। 'ਉਸੇ ਬੈਦ-ਬਨਵਾਰੀ' ਦੀ ਖਬਰ ਦਿੰਦਿਆਂ ਪ੍ਰਾਣੀ ਨੂੰ ਪੁਛ ਰਹੇ ਹਨ 'ਅਬ ਕਿਆ ਕਰਹਿ ਪਰਾਨੀ ?' ਹੁਣ ਵੇਖਦਾ ਕੀ ਹੈਂ ? ਜਵਾਨੀ ਦਾ ਜੋਬਨ ਤਾ ਤੂੰ ਹਾਰ ਹੀ ਬੈਠਾ ਹੈਂ,ਤੇਰੀ ਹਉਮੇਂ ਦੀ ਇਕ ਤਰ੍ਹਾਂ ਦੀ ਹਾਰ ਹੋ ਚੁਕੀ ਹੇ ਹੁਣ ਤੂੰ ਪਰ-ਵਸ ਪਿਆ ਆਪਣੇ ਦਿਨ ਗਿਣਦਾ ਹੈਂ। ਅਜੇ ਭੀ ਤੈਨੂੰ ਰਾਮ ਭਜਨ ਦੀ ਸੁਧ ਨਹੀਂ ?

ਦੂਜੀ ਪੰਕਤੀ ਵਿਚ ਦ੍ਰਿਸ਼ ਹੈ ਰੋਗੀ ਦਾ। ਮਨੁੱਖ ਜਿਥੇ (ਹਉਮੇਂ ਦਾ) ਮਾਨਸਕ ਤੌਰ ਤੇ ਰੋਗੀ ਹੈ ਉਥੇ ਸਰੀਰ ਕਰਕੇ ਭੀ ਰੋਗਾਂ ਵਿਚ ਗ੍ਰਿਸਤ ਰਹਿੰਦਾ ਹੈ। ਕਦੇ ਸਿਰ ਪੀੜ, ਕਦੇ ਸਰੀਰ ਦੀ ਜਲਨ—ਕੋਹੜ ਆਦਿ ਰੋਗਾਂ ਵਲ ਇਸ਼ਾਰਾ ਹੈ ਅਤੇ ਦਿਲ ਦੀਆਂ ਬੀਮਾਰੀਆਂ ਵਲ ਭੀ ਸੰਕੇਤ ਹੈ। ਬਹੁਤਾ ਵਿਸਥਾਰ ਵਿਚ ਨਾ ਜਾਂਦੇ ਹੋਏ ਸਭ ਮਨੁੱਖਾਂ ਨੂੰ ਸੰਬੋਧਨ ਕਰਕੇ ਕਹਿੰਦੇ ਹਨ ਕਿ ਇਹੋ ਜਿਹੀਆਂ ਬੀਮਾਰੀਆਂ ਸਰੀਰ ਵਿਚ ਉਠ ਖੜਦੀਆਂ ਹਨ, ਕਿ ਉਨ੍ਹਾਂ ਦਾ ਡਾਕਟਰਾਂ ਪਾਸ ਕੋਈ ਇਲਾਜ ਨਹੀਂ ਹੁੰਦਾ, ਅਤੇ ਮਰੀਜ਼ ਨੂੰ ਲਾਜਵਾਬ (**hopeless**) ਕਰਾਰ ਦਿੱਤਾ ਜਾਂਦਾ ਹੈ। ਕੀ ਅਜੇ ਭੀ ਸਮਾਂ ਨਹੀਂ ਆਇਆ ਕਿ ਅਸੀਂ ਇਸ ਸੜੇ ਸਰੀਰ ਨਾਲੋਂ ਮੋਹ ਤੋੜ ਕੇ ਬੈਦ-ਬਨਵਾਰੀ ਦੇ ਬਣ ਜਾਈਏ ?

ਪਰ ਮੋਹ ਤੋੜਨ ਦਾ ਤਰੀਕਾ ਕੀ ਹੈ ? ਇਸ ਦਾ ਉੱਤਰ ਆਪ ਆਖਰੀ ਪੰਕਤੀ ਵਿਚ ਦਿੰਦੇ ਹਨ ਕਿ ਉਸ ਬੈਦ-ਬਨਵਾਰੀ ਦੀ ਦਵਾਈ ਅੰਮ੍ਰਿਤ ਰੂਪੀ ਜਲ ਹੈ ਤੇ ਉਹ ਮਿਲ ਸਕਦੀ ਹੈ ਕੇਵਲ ਸਚੇ ਗੁਰੂ ਦੇਵ ਪਾਸੋਂ। ਇਸ਼ਾਰਾ ਬੜਾ ਸਪਸ਼ਟ ਹੈ, ਅਜ ਦੇ ਯੁਗ ਵਿਚ ਇਸ ਸਨੇਹੁੜੇ ਦਾ ਅਰਥ ਇਹ ਨਿਕਲਦਾ ਹੈ ਕਿ 'ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ' ਦੀ ਦਾਤ ਪ੍ਰਾਪਤ ਕੀਤੇ ਬਿਨਾ 'ਮੋਖ ਦੁਆਰਾ' ਪ੍ਰਾਪਤ ਨਹੀਂ ਹੋ ਸਕਦਾ। ਤੇ ਇਹ ਅੰਮ੍ਰਿਤ ਕਲ ਯੁਗ ਵਿਚ ਸਚੇ ਗੁਰਦੇਵ ਸ੍ਰੀ ਗੁਰੂ ਗਰੰਥ ਸਾਹਿਬ ਜੀ ਮਹਾਰਾਜ ਤੋਂ ਬਿਨਾਂ ਹੋਰ ਕਿਸੇ ਪਾਸ ਹੈ ਨਹੀਂ। ਜਿਹੜੇ ਵਡ-ਭਾਗੇ ਹੁੰਦੇ ਹਨ ਉਹ ਇਸ ਸਚੇ ਵੈਦ 'ਗੁਰੂ-ਗੋਬਿੰਦਾ' ਤੋਂ (ਪੁੰਨ ਪਦਾਰਥ) ਵਡੇ ਭਾਗਾਂ ਕਰਕੇ ਅੰਮ੍ਰਿਤ ਜਲ ਪੀ ਲੈਂਦੇ ਹਨ ਤੇ ਸਦਾ ਲਈ ਅਮਰ ਹੋ ਜਾਂਦੇ ਹਨ। ਪਰ ਮਨਮੁਖ ਲਈ ਭਟਕਣਾ ਹੀ ਲਿਖਿਆ ਹੈ।



www.AKJ.Org

ਦੂਜੇ ਸ਼ਬਦ ਵਿਚ ਆਪ ਨਾਮ ਦੀ ਮਹਿਮਾ ਲਿਖਦੇ ਹਨ। ਇਹ ਭੀ ਸੋਰਠ ਰਾਗ ਵਿਚ ਪਿਛਲੇ ਸ਼ਬਦ ਤੋਂ ਅਗਲਾ ਸ਼ਬਦ ਹੈ।

ਐਸਾ ਨਾਮੁ ਰਤਨੁ ਨਿਰਮੋਲਕੁ
ਪੁੰਨਿ ਪਦਾਰਥੁ ਪਾਇਆ ॥
ਅਨਿਕ ਜਤਨ ਕਰ ਹਿਰਦੈ ਰਾਖਿਆ,
ਰਤਨੁ ਨ ਛਪੈ ਛਪਾਇਆ ॥ ੧ ॥
ਹਰਿ ਗੁਨ ਕਹਤੇ ਕਹਨੁ ਨ ਜਾਈ ॥
ਜੈਸੇ ਗੂੰਗੇ ਕੀ ਮਿਠਿਆਈ ॥ ੧ ॥ ਰਹਾਉ॥
ਰਸਨਾ ਰਮਤ ਸੁਨਤ ਸੁਖ ਸ੍ਰਵਨਾ
ਚਿਤ ਚੇਤੇ ਸੁਖ ਹੋਈ ॥
ਕਹੁ ਭੀਖਨ ਦੁਇ ਨੈਨ ਸੰਤੋਖ,
ਜਹ ਦੇਖਾ ਤਹ ਸੋਈ ॥ ੨ ॥ ੨ ॥

ਭਾਵ ਪ੍ਰਭੂ ਪਿਤਾ ਜੀ ਦਾ ਨਾਮ ਬੜੇ ਪੁੰਨੇ ਭਾਗਾਂ ਕਰਕੇ ਮਿਲਦਾ ਹੈ। ਫਿਰ ਇਸ ਨੂੰ ਗੁਝਾ ਰਖਣ ਵਲ ਇਸ਼ਾਰਾ ਹੈ, ਕਿ ਚਾਹੇ ਅਸੀਂ ਨਾਮ ਪਦਾਰਥ ਨੂੰ ਕਮਾ ਕਮਾ ਕੇ ਕਿਤਨਾ ਭੀ ਗੁਝਾ ਪਏ ਰਖੀਏ, ਨਾਮ ਰਤਨ ਦਾ ਸੁਭਾਅ ਹੈ ਕਿ ਉਹ ਗੁਝਾ ਰਹਿ ਹੀ ਨਹੀਂ ਸਕਦਾ। ਇਸ ਸ਼ਬਦ ਵਿਚ ਭਗਤ ਜੀ ਅਪਨੇ ਨਿਜੀ ਤਜਰਬੇ ਦਸਦੇ ਹਨ, ਕਿ ਨਾਮ ਦੇ ਰਸ ਦਾ ਕੀ ਸਵਾਦ ਹੈ। ਗੂੰਗੇ ਦੀ ਮਿਠਿਆਈ ਕਹਿ ਕੇ ਹੀ ਸੁਆਦ ਦੀ ਅਸਚਰਜਤਾ ਵਲ ਸੰਕੇਤ ਕੀਤਾ ਹੈ। ਅਖਾਂ ਨੂੰ ਦਰਸ਼ਨ ਕਰਕੇ ਠੰਡ ਪਈ, ਰਸਨਾ ਨਾਮ ਜਪ ਕੇ ਰੰਗੀ ਗਈ, ਕੰਨ ਹਰਿ ਜਸ ਸਰਵਨ ਕਰਕੇ ਪੁਨੀਤ ਹੋਏ, ਅਤੇ ਚਿਤ ਨੂੰ ਵਾਹਿਗੁਰੂ ਦੀ ਯਾਦ ਵਿਚ ਐਸਾ ਅਨੰਦ ਮਿਲਿਆ ਹੈ ਕਿ ਹੁਣ ਹਰ ਪਾਸੇ ਵਾਹਿਗੁਰੂ ਵਾਹਿਗੁਰੂ ਹੀ ਪਸਰਿਆ ਦਿਸਦਾ ਹੈ।

ਭੀਖਨ ਜੀ ਦੇ ਇਹਨਾਂ ਦੋਹਾਂ ਸ਼ਬਦਾਂ ਤੋਂ ਪਤਾ ਲਗਦਾ ਹੈ ਕਿ ਆਪ ਕਿਸ ਉਚ ਅਵਸਥਾ ਵਿਚ ਸਨ। ਉਥੇ ਪਹੁੰਚ ਕੇ ਭੀ ਆਪ ਸਾਡੇ ਵਰਗੇ ਡੋਲਨ-ਬਿਰਤੀ ਵਾਲਿਆਂ ਲਈ ਇਹੋ ਆਖਣਾ ਵਡਮੁਲਾ ਸਮਝਿਆ ਜਾਂਦਾ ਹੈ :—

ਹਰਿ ਕਾ ਨਾਮੁ ਅੰਮ੍ਰਿਤ ਜਲੁ ਨਿਰਮਲੁ
ਇਹੁ ਅਉਖਧੁ ਜਗਿ ਸਾਰਾ ॥
ਗੁਰ ਪਰਸਾਦਿ ਕਹੈ ਜਨੁ ਭੀਖਨੁ
ਪਾਵਉ ਮੋਖ ਦੁਆਰਾ ॥



www.AKJ.Org

www.AKJ.org
www.AKJ.Org

SURA Regd. No. P 68 JULLUNDUR

ਵਿਦਿਆ ਵਿਭਾਗ ਪੰਜਾਬ ਵਲੋਂ "ਸੂਰਾ" ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਲਈ ਚਿੱਠੀ ਨੰ: 3/70-63-4 (ਅ-ਪ) ਮਿਤੀ 17-10-68 ਨੂੰ ਪ੍ਰਵਾਨ ਕੀਤਾ ਗਿਆ।

## ਸੰਗਰਾਂਦ ਤੇ ਹੋਲਾ

| | |
|---|---|
| ਸੰਗਰਾਂਦ ਫਗਣ ... ... ... | ੧੨ ਫ਼ਰਵਰੀ |
| ਹੋਲਾ ਮਹਲਾ ... ... ... | ੧ ਮਾਰਚ |

www.AKJ.Org